
ISSN 0972-2335

# ਅੰਮ੍ਰਿਤ ਕੀਰਤਨ

## ਜੁਲਾਈ 2019



ਭਾਈ ਸਮੁੰਦ ਸਿੰਘ ਜੀ ਰਾਗੀ



ਭਾਈ ਅਮਰੀਕ ਸਿੰਘ ਜੀ ਰਾਗੀ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਮੇਰਾ ਮਹਿਰਮ ਤੂੰ



ਮਨ-ਉਬਾਲੇ ਕਿਸਨੂੰ ਦੱਸੀਏ
ਤੂੰਹੀਉਂ ਸੁਣਨੇ ਵਾਲਾ ਏਂ ।
ਮਨ ਦੀਆਂ ਤਾਰਾਂ ਖਿੰਡੀਆਂ ਪਈਆਂ
ਤੂੰ ਹੀ ਜੋੜਨ ਵਾਲਾ ਏਂ ।
ਖਿੰਡੀਆਂ ਤਾਰਾਂ ਇਕ ਥਾਂ ਕਰ ਦੇ
ਭੁਲਿਆਂ ਤਾਈਂ ਪੰਥ ਦਿਖਾ ।
ਦਰ ਦਰ ਫਿਰਦੇ ਭਟਕ ਰਹੇ ਹਾਂ
ਆਪੇ ਰਾਹ ਪਾਵਣ ਵਾਲਾ ਏਂ ।

# मेरा महिरम तूं

मन उबाले किसनू दसिए ।
तूहीओं सुनने वाला एं ।
मन दीआं तारां खिंडीआं पईआं ।
तूं ही जोड़न वाला एं ।
खिंडीआं तारां इक थां कर दे ।
भुलिआं ताईं पंथ दिखा ।
दर दर फिरदे भटक रहे हां ।
आपे राह पावन वाला एं ।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


| | |
|---|---|
| ਸੰਪਾਦਕੀ: ਕਰਉ ਬੇਨੰਤੀਆ: ਸਿਆਣਪਾਂ ਦੇ ਕੈਪਸੂਲ – ਡਾ. ਜਾਗੀਰ ਸਿੰਘ | 2 |
| ਜੂਨ 1984 ਦੇ ਘਲੂਘਾਰੇ ਦੇ ਸ਼ਹੀਦ – ਭਾਈ ਅਮਰੀਕ ਸਿੰਘ ਸੂਰਮਾ ਰਾਗੀ – ਡਾ. ਜਾਗੀਰ ਸਿੰਘ | 3 |
| ਗੁਰੂ ਨਾਨਕ ਦੀ ਕਾਵਿ ਭਾਵਨਾ – ਡਾ. ਹਰਿਭਜਨ ਸਿੰਘ | 4 |
| ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ – ਭਾਈ ਸਮੁੰਦ ਸਿੰਘ – ਡਾ. ਜਾਗੀਰ ਸਿੰਘ | 7 |
| ਗੁਰਮਤਿ ਸੰਗੀਤ ਵਿਚ ਰਾਗ ਬਿਲਾਵਲ – ਡਾ. ਗੁਰਨਾਮ ਸਿੰਘ | 13 |
| ਗੁਰਮਤਿ ਸੰਗੀਤ ਦਰਪਨ (ਭਾਗ ਤੀਜਾ) – ਰਿਵੀਊਕਾਰ ਡਾ. ਬਚਿੱਤਰ ਸਿੰਘ | 15 |
| ਸੰਗੀਤ ਦੀ ਸੰਸਥਾਗਤ ਸਿਖਿਆ ਪ੍ਰਣਾਲੀ: ਹਿੰਦੁਸਤਾਨੀ ਸੰਗੀਤ ਦੇ ਸੰਦਰਭ ਵਿਚ – ਰਿਵੀਊਕਾਰ ਡਾ. ਅਮਰਿੰਦਰ ਸਿੰਘ | 17 |
| ਸੁਰਲਿਪੀ – ਰਾਗ ਆਸਾ – ਡਾ. ਕੰਵਲਜੀਤ ਸਿੰਘ | 19 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | ਟਾ-3 |



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਸਿਆਣਪਾਂ ਦੇ ਕੈਪਸੂਲ

ਪਿਛਲੇ ਸਾਲਾਂ ਦੀਆਂ ਡਾਇਰੀਆਂ ਵੇਖਦਿਆਂ 2015 ਦੀ ਇੱਕ ਡਾਇਰੀ ਮਿਲੀ। ਚੰਗੀਆਂ ਡਾਇਰੀਆਂ ਵਿਚ ਕੁਝ ਵਧੀਆ ਕਥਨ ਦਿੱਤੇ ਹੁੰਦੇ ਹਨ। ਮੈਨੂੰ  ਇਹ ਕਥਨ ਪੜ੍ਹਨ ਦੀ ਆਦਤ ਹੈ। ਇਸ ਡਾਇਰੀ ਵਿੱਚ ਕਈ ਕਥਨ ਬਹੁਤ ਵਧੀਆ ਲੱਗੇ ਜਿਹੜੇ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ। ਮੇਰੇ ਸਤਿਕਾਰ ਯੋਗ ਮਿੱਤਰ ਕਰਨੈਲ ਸਿੰਘ ਸੋਮਲ ਅਜੇਹੀਆਂ ਕੁਟੇਸ਼ਨਾਂ ਜਾਂ ਕਥਨਾਂ ਨੂੰ ਸਿਆਣਪਾਂ ਦੇ ਕੈਪਸੂਲ ਆਖਦੇ ਹੁੰਦੇ ਹਨ। ਇਹਨਾਂ ਕਥਨਾਂ ਦਾ ਮਹੱਤਵ ਹਰ ਮਨੁੱਖ ਦੀ ਸਥਿਤੀ ਅਤੇ ਸਮੇਂ ਅਨੁਸਾਰ ਹੀ ਸਾਨੂੰ ਟੁੰਬਦਾ ਹੈ। ਕਈ ਵਾਰ ਕੋਈ ਗੱਲ ਇੱਕ ਮਨੁੱਖ ਨੂੰ ਚੰਗੀ ਲਗਦੀ ਹੈ ਦੂਜੇ ਨੂੰ ਨਹੀਂ। ਇਹੀ ਨਹੀਂ ਕਈ ਵਾਰੀ ਇੱਕ ਗੱਲ ਸਾਨੂੰ ਕਦੀ ਨਿਗੂਣੀ ਜਾਪਦੀ ਹੈ ਪਰ ਕਿਸੇ ਹੋਰ ਸਮੇਂ ਉਹੀ ਬੜੀ ਮਹੱਤਵ ਪੂਰਨ ਜਾਪਣ ਲੱਗ ਪੈਂਦੀ ਹੈ।ਇਸ 2015 ਦੀ ਡਾਇਰੀ ਦੇ ਕਥਨ ਅੰਗਰੇਜ਼ੀ ਵਿੱਚ ਹਨ। ਮੈਂ ਇਹਨਾਂ ਨੂੰ ਅਨੁਵਾਦ ਨਹੀਂ ਕਰ ਰਿਹਾ। ਅੰਗਰੇਜ਼ੀ ਵਿੱਚ ਹੀ ਪੇਸ਼ ਕਰ ਰਿਹਾ ਹਾਂ। ਇਹਨਾਂ ਵਿੱਚੋਂ ਕੁਝ ਕਥਨ ਤੁਹਾਨੂੰ ਚੰਗੇ ਲੱਗਣਗੇ–

When you are down to nothing, remember that you really do have the power to make something out of nothing.

If you have dream, you have everything. If you have everything but no dream, then everything means nothing.

Do not follow where the path may lead, go instead where there is no path and leave a trail behind for others to follow.

The key is to keep company with people who uplift you whose presence calls forth your best.

Be careful; think about the effect of what you say. Your words should be constructive, bring people together, and not pull them apart.

The aim of the great leader is not to get people think more highly of the leader. It's to get think more highly of themselves.

Never be the one who ask Lord to make the life easy instead ask him to make you strong.

Accept the challenges so that you feel the exhilaration of Victory

Everyone you meet knows something; you don't know. Be willing to learn from them.

If there is no struggle, there is no progress.

Blessed are those who can give without remembering and take without forgetting.


The more you say, the less people remember.

Life is shaped by the people you meet every day.

ਭੁੱਲ ਚੁੱਕ ਖਿਮਾ ਜੀ ----



# ਜੂਨ 1984 ਦੇ ਘਲੂਘਾਰੇ ਦੇ ਸ਼ਹੀਦ – ਭਾਈ ਅਮਰੀਕ ਸਿੰਘ ਸੂਰਮਾ ਰਾਗੀ



ਭਾਈ ਅਮਰੀਕ ਸਿੰਘ ਜੀ ਸਿੱਖ ਪੰਥ ਦੇ ਸੁਰੀਲੇ ਸੂਝਵਾਨ ਅਤੇ ਟਕਸਾਲੀ ਕੀਰਤਨੀਏ ਸਨ ਜੋ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਂਦਿਆਂ ਜੂਨ 1984 ਨੂੰ ਸ਼ਹੀਦ ਹੋ ਗਏ ਸਨ।ਆਪਦਾ ਜਨਮ ਪਿੰਡ ਮੁੰਧੋ ਸੰਗਤੀਆਂ ਤਹਿਸੀਲ ਖਰੜ ਵਿਖੇ ਆਸਾ ਸਿੰਘ ਦੇ ਘਰ ਮਾਤਾ ਚਿੰਤ ਕੌਰ ਦੀ ਕੁਖੋਂ ਸੰਨ 1929 ਨੂੰ ਹੋਇਆ ਸੀ। ਆਪ ਬਚਪਨ ਵਿੱਚ ਹੀ ਨੇਤਰਹੀਣ ਹੋ ਗਏ ਸਨ।

ਮਾਤਾ ਪਿਤਾ ਨੇ ਭਾਈ ਸਾਹਿਬ ਨੂੰ ਗੁਰਦੁਆਰਾ ਚਮਕੌਰ ਸਾਹਿਬ ਵਿਖੇ ਕੀਰਤਨ ਸਿੱਖਣ ਲਈ ਭੇਜ ਦਿਤਾ। ਉਥੇ ਉਦੋਂ ਭਾਈ ਸੰਪੂਰਨ ਸਿੰਘ ਜੋ ਆਪਣੇ ਸਮੇ ਦੇ ਪ੍ਰਸਿੱਧ ਉਸਤਾਦ ਕੀਰਤਨੀਏ ਸਨ, ਕੀਰਤਨ ਸਿਖਲਾਈ ਦਿੰਦੇ ਸਨ। ਇਹ ਵਰਣਨ ਯੋਗ ਹੈ ਕਿ ਭਾਈ ਸੰਪੂਰਨ ਸਿੰਘ ਜੀ ਪਾਸੋਂ ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਪ੍ਰੋ ਤਾਰਾ ਸਿੰਘ ਜੀ ਅਤੇ ਪ੍ਰਸਿੱਧ ਸੰਗੀਤ ਉਸਤਾਦ ਜਸਵੰਤ ਸਿੰਘ ਭੰਵਰਾ ਨੇ ਵੀ ਤਾਲੀਮ ਹਾਸਲ ਕੀਤੀ ਸੀ। ਕੁਝ ਸਮਾਂ ਭਾਈ ਅਮਰੀਕ ਸਿੰਘ ਨੇ ਇਹਨਾਂ ਪਾਸੋਂ ਕੀਰਤਨ ਵਿੱਦਿਆ ਹਾਸਲ ਕੀਤੀ। ਫਿਰ ਆਪ ਖੰਟ ਮਾਨ ਪੁਰ ਜ਼ਿਲਾ ਰੋਪੜ ਆ ਗਏ ਇੱਥੇ ਵੀ ਮਸ਼ਹੂਰ ਗੁਰਮਤਿ ਵਿਦਿਆਲਾ ਸੀ।ਇੱਥੇ ਆਪ ਨੇ ਉਸਤਾਦ ਜਸਵੰਤ ਸਿੰਘ ਤੀਬਰ ਅਤੇ ਲਛਮਣ ਸਿੰਘ ਗੰਧਰਬ ਪਾਸੋਂ ਕੀਰਤਨ ਵਿਦਿਆ ਹਾਸਲ ਕੀਤੀ। ਇਹ ਦੋਵੇਂ ਵੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਹੋਏ ਹਨ। ਕੀਰਤਨ ਦੇ ਨਾਲ ਨਾਲ ਭਾਈ ਅਮਰੀਕ ਸਿੰਘ ਜੀ ਨੇ ਗੁਰਬਾਣੀ ਦੇ ਪਾਠ ਦੀ ਸਿਖਲਾਈ ਗਿਆਨੀ ਗੁਰਬਖਸ਼ ਸਿੰਘ ਧੂੰਧਾ ਪਾਸੋਂ ਪ੍ਰਾਪਤ ਕੀਤੀ।

ਕੀਰਤਨ ਅਤੇ ਸੰਗੀਤ ਵਿਦਿਆ ਹਾਸਲ ਕਰਨ ਉਪਰੰਤ ਆਪ 1947 ਵਿੱਚ ਇਸੇ ਵਿਦਿਆਲੇ ਵਿੱਚ ਕੀਰਤਨ ਅਧਿਆਪਕ ਨਿਯੁਕਤ ਹੋ ਗਏ।ਆਲ ਇੰਡੀਆ ਰੇਡੀਓ ਜਲੰਧਰ ਸਥਾਪਤ ਹੋਣ ਤੇ ਆਪ ਉਥੇ ਵੀ ਕੀਰਤਨ ਦੇ ਪ੍ਰੋਗਰਾਮ ਦਿੰਦੇ ਰਹੇ

1951 ਤੋਂ 1960 ਤਕ ਆਪ ਗੁਰਦੁਆਰਾ ਸਿੰਘ ਸਭਾ ਰੋਪੜ, ਗੁਰਦੁਆਰਾ ਰਜਮੰਟ ਬਾਜ਼ਾਰ ਅੰਬਾਲਾ ਛਾਉਣੀ, ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਆਨੰਦ ਪੁਰ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ, ਗੁਰਦੁਆਰਾ ਤਰਨ ਤਾਰਨ ਸਾਹਿਬ ਵਿਖੇ ਕੀਰਤਨ ਕਰਦੇ ਰਹੇ। 1960 ਤੋਂ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੇ ਤੌਰ ਤੇ ਕੀਰਤਨ ਦੀ ਸੇਵਾ ਕਰਨ ਲੱਗ ਪਏ। 5 ਜੂਨ 1984 ਨੂੰ ਇਸੇ ਪਵਿੱਤਰ ਅਸਥਾਨ ਤੇ ਕੀਰਤਨ ਕਰਦਿਆਂ ਆਪ ਸ਼ਹੀਦ ਹੋ ਗਏ।

ਭਾਈ ਅਮਰੀਕ ਸਿੰਘ ਕੀਰਤਨ ਕਲਾ ਵਿੱਚ ਪ੍ਰਬੀਨ ਸਨ। ਆਪ ਨੂੰ ਕਲਾਸੀਕਲ ਕੀਰਤਨ ਦੀ ਚੰਗੀ ਸੂਝ ਸੀ। ਆਪ ਬੜਾ ਟਿਕ ਕੇ ਕੀਰਤਨ ਕਰਦੇ ਸਨ। ਉਹਨਾਂ ਦੇ ਸਮੇਂ ਦੇ ਸਰੋਤੇ ਦਸਦੇ ਹਨ ਕਿ ਭਾਈ ਸਾਹਿਬ ਦੀ ਮਿੱਠੀ ਅਵਾਜ਼ ਵਿੱਚ ਕੀਰਤਨ ਦੀ ਮਧੁਰ ਧੁਨੀ ਹਰਿਮੰਦਰ ਸਰੋਵਰ ਰਾਹੀਂ ਹੋ ਕੇ ਕੋਈ ਸੁਗੰਧੀ ਫੈਲਾਉਂਦੀ ਜਾਪਦੀ ਸੀ।

ਗੁਰਬਾਣੀ ਕੀਰਤਨ ਦੇ ਪ੍ਰਸਾਰ ਪ੍ਰਚਾਰ ਹਿਤ ਆਪ ਅੰਬਾਲਾ ਸਿੰਡੀਕੇਟ ਟ੍ਰਾਂਸਪੋਰਟ ਕੁਰਾਲੀ ਵਾਲਿਆਂ ਦੇ ਸਹਿਯੋਗ ਨਾਲ ਕੁਰਾਲੀ ਵਿਖੇ ਕੀਰਤਨ ਸਮਾਗਮ ਕਰਵਾਉਂਦੇ ਸਨ। ਜਿਸ ਵਿੱਚ ਪ੍ਰਸਿੱਧ ਕੀਰਤਨੀਏ ਕੀਰਤਨ ਕਰਦੇ ਸਨ। ਪ੍ਰਬੰਧਕ ਰਿਕਾਡਿੰਗ ਵੀ ਕਰਦੇ ਸਨ ਇਹ ਰਿਕਾਰਡਿੰਗ ਹੁਣ ਪਤਾ ਨਹੀਂ ਕਿਸੇ ਪਾਸ ਹੈ ਜਾਂ ਨਹੀਂ। ਲੇਖਕ ਵੀ ਆਪਣੇ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ ਜੀ ਨਾਲ ਗੁਰਦੁਆਰਾ ਫਤਹਿ ਗੜ੍ਹ ਸਾਹਿਬ ਤੋਂ ਇਹਨਾਂ ਸਮਾਗਮਾਂ ਵਿੱਚ ਸ਼ਾਮਲ ਹੁੰਦਾ ਰਿਹਾ ਹੈ।

ਭਾਈ ਅਮਰੀਕ ਸਿੰਘ ਜੀ ਭਾਰਤ ਨੇਤਰਹੀਣ ਸਮਾਜ ਸੇਵਕ ਨਾਂ ਦੀ ਸੰਸਥਾ ਦੇ ਸਰਪ੍ਰਸਤ ਰਹੇ।ਕੁਰਾਲੀ ਦੇ ਕੀਰਤਨ ਪ੍ਰੇਮੀਆਂ ਨੇ ਕੁਝ ਸਾਲ ਭਾਈ ਸਾਹਿਬ ਦੀ ਯਾਦ ਵਿੱਚ ਕੀਰਤਨ ਸਮਾਗਮ ਵੀ ਆਰੰਭ ਕੀਤਾ ਸੀ।

ਭਾਈ ਸਾਹਿਬ ਦੀ ਗਲਬਾਤ ਬੜੀ ਮਿਠੀ ਅਤੇ ਅਰਥ ਭਰਪੂਰ ਹੁੰਦੀ ਸੀ।ਇਹ ਪਿਆਰਾ ਕੀਰਤਨੀਆਂ ਵੀ

1984 ਘਲੂਘਾਰੇ ਦੀ ਭੇਟ ਚੜ੍ਹ ਗਿਆ। ਉਹਨਾਂ ਨੂੰ ਯਾਦ ਕਰਦਿਆਂ ਅਸੀਂ 'ਅੰਮ੍ਰਿਤ ਕੀਰਤਨ' ਵੱਲੋਂ ਸ਼ਰਧਾਂਜਲੀ ਅਰਪਣ ਕਰਦੇ ਹਾਂ।

---

# ਗੁਰੂ ਨਾਨਕ ਦੀ ਕਾਵਿ-ਭਾਵਨਾ

**ਡਾ.ਹਰਿਭਜਨ ਸਿੰਘ**

*(ਜੂਨ, 2019 ਅੰਕ ਦੇ ਪੰਨਾ 11 ਤੋਂ ਜਾਰੀ)*

ਜਿਸ ਅਵੰਡ, ਇਕਰਸ ਹੋਂਦ ਦਾ ਜ਼ਿਕਰ ਇਸ ਸਬਦ ਵਿਚ ਹੈ, ਸਪਸ਼ਟ ਹੈ ਉਹ ਕਿਸੇ ਕਾਲ ਜਾਂ ਦੇਸ ਦੀ ਬੌਧਿਕ ਸਥਿਤੀ ਨਹੀਂ। ਉਹ ਇਕ ਬਣਤਰ ਹੈ, ਪ੍ਰਕਿਰਿਆ ਨਹੀਂ। ਦੇਸ ਕਾਲ ਤੋਂ ਅਤੀਤ ਇਸੇ ਬਣਤਰ ਨੂੰ ਅਸਾਂ ਆਦਿਮ ਬਣਤਰ ਕਿਹਾ ਹੈ। ਇਸ ਵਿਚ ਦ੍ਵੈਤ ਜਾਂ ਦਵੰਦ ਲਈ ਸਥਾਨ ਨਹੀਂ। ਇਸ ਬਣਤਰ ਵਿਚ ਸੁੱਚ ਸੰਜਮ (ਪਵਿੱਤਰਤਾ) ਅਤੇ ਗੋਪੀ ਕਾਨ੍ਹ (ਸੁੰਦਰਤਾ) ਦੀ ਇਕ ਦੂਸਰੇ ਤੋਂ ਕੋਈ ਵੱਖ ਹਸਤੀ ਨਹੀਂ। ਗਿਆਨ ਅਤੇ ਸਦਾਚਾਰ (ਪਾਪ-ਪੁੰਨ) ਨੂੰ ਵੀ ਵੱਖਰੀ ਹਸਤੀ ਪ੍ਰਾਪਤ ਨਹੀਂ ਹੋਈ। ਧਰਮ ਅਤੇ ਕਰਮ ਵੀ ਸੁਤੰਤਰ ਹੋਂਦ ਵਿਚ ਨਹੀਂ ਆਏ। ਇਸ ਬਣਤਰ ਵਿਚੋਂ ਰਚਨਾ ਦਾ ਜਨਮ ਹੁੰਦਾ ਹੈ। ਜੋ ਇਕ ਵਾਰ 'ਹੋ' ਗਿਆ, ਉਹ 'ਅਹੋ' ਨਹੀਂ ਸਕਦਾ। ਇਹੋ ਆਦਿਮ ਬਣਤਰ ਦੇਸ-ਕਾਲ ਵਿਚ ਪਏ ਮਾਨਵ ਵਿਚ ਜ਼ਿੰਦਾ ਰਹਿੰਦੀ ਹੈ। ਅਨੇਕ ਸੰਕਲਪਾਂ-ਵਿਕਲਪਾਂ ਵਿਚ ਵੰਡਿਆ ਹੋਇਆ ਮਾਨਵ ਜਦੋਂ ਕਾਵਿ-ਰਚਨਾ ਕਰਦਾ ਹੈ ਤਾਂ ਜਾਣੇ-ਅਣਜਾਣੇ ਆਦਿਮ ਬਣਤਰ ਨੂੰ ਅਪਣਾਉਂਦਾ ਹੈ ਜਿੱਥੇ ਦਵੈਤ ਖ਼ਤਮ ਹੁੰਦੀ ਹੈ, ਪਵਿੱਤਰਤਾ ਅਤੇ ਸੁੰਦਰ, ਦਿੱਬ ਅਤੇ ਸੰਸਾਰੀ ਇੱਕੋ ਵੇਲੇ ਪ੍ਰਗਟ ਹੁੰਦੇ ਹਨ। ਹੇਠਾਂ ਇਕ ਸ਼ਬਦ ਦਰਜ ਹੈ ਜਿੱਥੇ ਪਾਰਬ੍ਰਹਮ ਅਤੇ ਸੰਸਾਰੀ ਪੁਰਖ ਇੱਕੋ ਅਵੰਡ ਬਣਤਰ ਵਿਚ ਉਦੈ ਹੋਏ ਹਨ:

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਨਿ ਆਇਆ।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ।
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ।
ਚੂੜਾ ਭੰਨੁ ਪਲੰਘ ਸਿਉਂ ਮੁੰਧੇ ਸਣੁ ਬਾਹੀ ਸਣੁ ਬਾਹਾ।
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।
ਨ ਮਨੀਆਰ ਨ ਚੂੜੀਆ ਨ ਸੇ ਵੰਗੜੀਆਹ।
ਜੋ ਸਹ ਕੰਠਿ ਨ ਲਗਆ ਜਲਨ ਸਿ ਬਾਹੜੀਆਹ।
ਸਭਿ ਸਹੀਆ ਸਹ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।
ਅੰਮਾਲੀ ਹਉ ਖਰੀ ਸੁਚੱਜੀ ਤੈ ਸਹ ਏਕਿ ਨ ਭਾਵਾ।
ਮਾਠਿ ਗੁੰਦਾਈ ਪਟੀਆ ਭਰੀਐ ਮਾਂਗ ਸੰਧੂਰੇ।
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।
ਮੈ ਰੋਵੰਦੀ ਸਭ ਜਗੁ ਰੁੰਨਾ ਰੁਨੜੇ ਵਣਹੁ ਪੰਖੇਰੂ।
ਇਕ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।
ਸੁਪਨੈ ਆਇਆ ਭੀ ਗਇਆ ਮੈ ਜਲ ਭਰਿਆ ਰੋਇ।
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।
ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ।

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।

ਅਜੇਹੀ ਕਾਵਿ-ਰਚਨਾ ਨੂੰ ਪੜ੍ਹ ਕੇ ਹੀ ਤਾਂ ਪ੍ਰਤੀਤੀ ਹੁੰਦੀ ਹੈ ਕਿ ਕਵੀ ਪੰਗਤੀਆਂ ਦੀ ਰਚਨਾ ਨਹੀਂ ਕਰਦਾ, ਸੰਪੂਰਣ ਸੰਸਾਰ ਦੀ ਰਚਨਾ ਕਰਦਾ ਹੈ। ਇਸ ਸੰਸਾਰ ਵਿਚ ਸੁੰਦਰੰ ਕੋਈ ਅਜੇਹੀ ਧਾਰਣਾ ਨਹੀਂ ਜੋ ਸਤਿਅੰ (ਪਵਿੱਤਰੰ) ਅਤੇ ਸ਼ਿਵੰ ਤੋਂ ਵਖਰੀ ਜਾ ਅਭਿੱਜ ਹੈ। ਸੁੰਦਰੰ ਚਿਵ ਸਤਿਅੰ ਅਤੇ ਸ਼ਿਵੰ ਦਾ ਵੀ ਵਾਸਾ ਹੁੰਦਾ ਹੈ। ਕੇਵਲ ਸੁੰਦਰ ਨੂੰ ਅਸੀਂ ਕਲਾ ਨਹੀਂ ਕਹਿ ਸਕਦੇ। ਧਾਰਮਿਕਤਾ, ਬੌਧਿਕਤਾ, ਜਾਂ ਨੈਤਿਕਤਾ ਵੀ ਆਪਣੇ ਆਪ ਵਿਚ ਕਲਾਵਾਂ ਨਹੀਂ। ਇਹ ਸਭ ਕਾਵਿ-ਸੰਸਾਰ ਵਿਚ ਇਸ ਪ੍ਰਕਾਰ ਸਮਾਏ ਹੁੰਦੇ ਹਨ ਕਿ ਇਕ ਨੂੰ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਉਪਰੋਕਤ ਸ਼ਬਦ ਵਿੱਚੋਂ 'ਸਹੁ' ਤੇ 'ਸੁਹਾਗਣ' ਦੀ ਸੰਸਾਰਕ ਗੰਧ ਵੱਖ ਕਰਨ ਦੇ ਜਤਨ ਨਾਲ ਹੀ ਸਾਰਾ ਸੰਸਾਰ ਖੇਰੂੰ ਖੇਰੂੰ ਹੁੰਦਾ ਜਾਪਦਾ ਹੈ। ਇਸ ਟੂਕ ਦਾ ਉਤਾਰਾ ਮੈਂ ਭਾਈ ਵੀਰ ਸਿੰਘ ਦੀ 'ਸੰਥਜਾ' ਵਿੱਚੋਂ ਕੀਤਾ ਹੈ। ਗੁਰੂ ਨਾਨਕ ਦੇ ਕਾਵਿ-ਸੰਸਾਰ ਦੇ ਨਾਲ ਨਾਲ ਭਾਈ ਵੀਰ ਸਿੰਘ ਦਾ ਵਿਆਖਿਆ-ਸੰਸਾਰ ਹੈ ਜਿਸ ਵਿਚ ਸ਼ੁਧ ਪਵਿੱਤਰ ਵਾਤਾਵਰਨ ਪੇਸ਼ ਕਰਨ ਦਾ ਜਤਨ ਹੈ। ਇਉਂ ਪ੍ਰਤੀਤ ਹੁੰਦਾ ਹੈ ਵਿਆਖਿਆ ਨੇ ਆਪਣੀ ਮਰਜ਼ੀ ਦਾ ਸਤ ਨਿਚੋੜ ਲਿਆ ਹੈ ਪਰ ਪੁਸ਼ਪ-ਸੰਸਾਰ ਉੱਜੜ-ਪੁੱਜੜ ਗਿਆ ਹੈ। ਕਾਵਿ ਦੁਨੀਆ ਦੇ ਸਮੁੱਚ ਨੂੰ ਉਸਦੇ ਅਨਿੱਖੜ ਜੀਵੰਤ ਰੂਪ ਵਿਚ ਸਿਰਜਦਾ ਹੈ। ਇਸੇ ਪ੍ਰਕਾਰ ਉਹ ਸਮੁੱਚੀ, ਅਨਿੱਖੜ ਤੇ ਜੀਵੰਤ ਮਾਨਵਤਾ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹੈ। ਜਿਵੇਂ ਜਿਵੇਂ ਮੈਂ ਨਾਨਕ-ਬਾਣੀ ਪੜ੍ਹਦਾ ਹਾਂ ਮੈਨੂੰ ਕਾਵਿ-ਬ੍ਰਹਮ ਦੇ ਮਰਮੀ - ਆਈ.ਏ. ਰਿਚਰਡਜ਼ ਦਾ ਧਿਆਨ ਆਉਂਦਾ ਹੈ ਜਿਸ ਨੇ ਕਾਵਿ ਦੇ ਮਨੋਵਿਗਿਆਨਿਕ ਮੁੱਲ ਦਾ ਨਿਤਾਰਾ ਕੀਤਾ ਤੇ ਕਿਹਾ ਕਿ ਕਾਵਿ ਦਾ ਮੁੱਲ ਇਸ ਗੱਲ ਵਿਚ ਹੈ ਕਿ ਉਹ ਮਨੁੱਖ ਦੀ ਕਿਸੇ ਵੀ ਮਨੋ ਭੁੱਖ ਨੂੰ ਖ਼ਾਰਜ ਕੀਤੇ ਬਿਨਾਂ ਸਾਰੀਆਂ ਮਨੋਭੁੱਖਾਂ ਵਿਚਕਾਰ ਅਜੇਹਾ ਸਮਤੋਲ ਕਾਇਮ ਕਰਦਾ ਹੈ ਕਿ ਚਿੱਤ ਸ਼ਾਂਤ ਹੋ ਜਾਂਦਾ ਹੈ। ਨਾਨਕ-ਬਾਣੀ ਪੜ੍ਹਨ ਬਾਦ ਮਨ ਸ਼ਾਂਤ ਹੁੰਦਾ ਹੈ ਤਾਂ ਇਸ ਲਈ ਨਹੀਂ ਕਿ ਕਵੀ ਨੇ ਕਿਤੇ ਸ਼ਾਂਤੀ ਦੇ ਪੱਖ ਵਿਚ ਕੁੱਝ ਉਕਤੀਆਂ ਉਚਾਰੀਆਂ ਹਨ। ਇਸ ਕਾਵਿ-ਸੰਸਾਰ ਦੀ ਮਨੁੱਖ-ਦੋਸਤੀ ਇਸ ਗੱਲ ਵਿਚ ਨਹੀਂ ਕਿ ਉਸ ਨੇ ਕਿਤੇ ਨੀਵੀਆਂ ਜਾਤਾਂ ਜਾਂ ਕਿਤੇ ਇਸਤਰੀ ਦੇ ਹੱਕ ਵਿਚ ਕੁੱਝ ਤੁਕਾਂ ਰਚੀਆਂ ਹਨ। ਜ਼ਾਲਮ ਰਾਜਿਆਂ, ਰਿਸ਼ਵਤੀ ਕਾਜ਼ੀਆਂ ਅਤੇ ਪਖੰਡੀ ਪੰਡਿਤਾਂ ਦੀ ਭੁਗਤ ਸੁਵਾਰਨ ਤਕ ਹੀ ਕਵੀ ਨਾਨਕ ਦੀ ਪ੍ਰਗਤੀਸ਼ੀਲਤਾ ਸੀਮਿਤ ਨਹੀਂ। ਇਹ ਪੰਗਤੀ-ਵਿਆਖਿਆ ਦਾ ਇਹ ਤਰੀਕਾ ਬਹੁਤ ਸਥੂਲ ਹੈ ਤੇ ਅਧੂਰਾ ਵੀ। ਨਾਨਕ-ਬਾਣੀ ਦਾ ਸ਼ਾਂਤ-ਪ੍ਰਭਾਵ ਉਸਦਾ ਸਮੁੱਚ ਕਾਰਣ ਹੈ ਜਿਸ ਵਿਚ ਵਿਰੋਧੀ ਤੱਤਾਂ ਨੂੰ ਇਕ ਸਮਤੋਲ ਵਿਚ ਲਟਕਾ ਦਿੱਤਾ ਗਿਆ ਹੈ। ਚਿੱਤ-ਸ਼ਾਂਤੀ ਦੇ ਦੋ ਤਰੀਕੇ ਹਨ: ਇਕ ਮੁਮਾਨਿਅਤ ਦਾ, ਦੂਜਾ ਸ਼ਮੂਲੀਅਤ ਦਾ। ਪਹਿਲਾ ਤਰੀਕਾ ਜ਼ਿੰਦਗੀ ਨੂੰ ਸੰਗੋੜਦਾ ਹੈ ਤੇ ਦੂਜਾ ਉਸ ਨੂੰ ਵਿਸਤਾਰਦਾ ਹੈ। ਯੋਗ ਅਤੇ ਕਾਵਿ ਦੀ ਇਸ ਵਿਧੀ ਨਾਲ ਪਵਿੱਤਰ (ਉੱਦਾਤ) ਅਤੇ ਸੁੰਦਰ ਦਾ ਜਨਮ ਹੁੰਦਾ ਹੈ:

**But there are always two methods of securing harmony: one is unity all the given elements, and another is to reject and expunge all the elements that refuse to be unified. Unity by inclusion gives us the beautiful, unity by exclusion, opposition and isolation gives us the Sublime. Both are pleasure : but the pleasure of one is warm, passive and pervasive; that of the other cold, imperious and keen. The one identifies us with the world, the other raises us above it.**

**(Santayna : The Sense of Beauty)**

ਕੁੱਝ ਕਵੀ ਵੀ ਮੁਮਾਨਿਅਤ ਦਾ ਰਸਤਾ ਅਖ਼ਤਿਆਰ ਕਰਦੇ ਹਨ। ਉਨਾਂ ਦੀ ਕਾਵਿ-ਰਚਨਾ ਵੀ ਸੀਮਿਤ ਅਨੁਭਵ, ਸੀਮਿਤ ਭਾਵ ਨੂੰ ਹੀ ਪੇਸ਼ ਕਰਦੀ ਹੈ, ਸੀਮਿਤ ਜੇਹੇ ਵਿਚਾਰਾਂ ਨੂੰ ਅਪਣਾ ਕੇ ਬਾਕੀ ਸਭ ਨੂੰ ਕਾਵਿ-ਸੰਸਾਰ ਵਿੱਚੋਂ ਖਾਰਜ ਕਰ

ਦਿੱਤਾ ਜਾਂਦਾ ਹੈ। ਅਜੇਹੀ ਕਵਿਤਾ ਦੀ ਰਚਨਾ ਗੁਰੂ ਨਾਨਕ ਦੇ ਕੁੱਝ ਕੁ ਸਮਕਾਲੀਆਂ ਤੇ ਪਿਛਕਾਲੀਆਂ ਨੇ ਵੀ ਕੀਤੀ ਹੈ। ਪਰ ਅਜੇਹੀ ਕਵਿਤਾ ਤੋਂ ਮਿਲਣ ਵਾਲੀ ਚਿੱਤ-ਸ਼ਾਂਤੀ ਨਾਨਕ-ਬਾਣੀ ਦੇ ਭਰਪੂਰ, ਡੂੰਘੇ, ਪ੍ਰਚੰਡ ਤੇ ਵੰਨ-ਸੁਵੰਨੇ ਸੁਭਾਉ ਤੋਂ ਮਿਲਣ ਵਾਲੀ ਚਿੱਤ-ਸ਼ਾਂਤੀ ਦੇ ਮੁਕਾਬਲੇ ਅਸਲੋਂ ਨਿਗੂਣੀ ਹੈ ਤੇ ਥੁੜ-ਚਿਰੀ ਵੀ। ਸੀਤਾ ਦੀ ਪਤੀ-ਭਗਤੀ ਉੱਪਰ ਇਕ ਇਕਹਿਰੀ ਬਿਰਤੀ ਵਾਲਾ ਸ਼ਾਂਤ-ਪ੍ਰਭਾਵੀ ਗੀਤ ਵੀ ਲਿਖਿਆ ਜਾ ਸਕਦਾ ਹੈ ਪਰ ਸੀਤਾ-ਮੰਦੋਦਰੀ-ਰਾਵਣ ਵਿਚਕਾਰ ਸੰਬਾਦੀ ਬਿਰਤੀ ਵਾਲੇ ਕਾਵਿ-ਜਗਤ ਦੀ ਛਬ ਤਾਂ ਸ਼ਾਂਤੀ ਦੀ ਛਹਿਬਰ ਲਾ ਦੇਂਦੀ ਹੈ। ਇਸ ਛਹਿਬਰ ਲਈ ਭਰਪੂਰ ਜ਼ਿੰਦਗੀ ਸਵੀਕਾਰਨੀ ਪੈਂਦੀ ਹੈ। ਗੁਰੂ ਨਾਨਕ ਕਵੀ ਸੀ ਤੇ ਚਿੰਤਕ ਵੀ। ਉਸ ਦੀ ਬਿੰਬ-ਰਚਨਾ ਵਿਚ ਇਹ ਸਵੀਕਾਰਨੀ ਬਿਰਤੀ ਸਪਸ਼ਟ ਹੈ, ਉਸ ਦੇ ਚਿੰਤਨ ਵਿਚ ਵੀ ਇਹੋ ਬਿਰਤੀ ਤਤਪਰ ਵਿਖਾਈ ਦੇਂਦੀ ਹੈ। ਜਪੁ ਦੀਆਂ ਇਹ ਦੋ ਪੌੜੀਆਂ ਧਿਆਨ-ਜੋਗ ਹਨ ਜਿਨ੍ਹਾਂ ਵਿਚ ਦੋ ਵਿਰੋਧੀ ਜੀਵਨ-ਜੁਗਤਾਂ ਇੱਕੋ ਜੀਵਨ-ਦ੍ਰਿਸ਼ਟ ਦਾ ਵਿਆਖਿਆਨ ਕਰਦੀਆਂ ਹਨ। ਸੰਸਾਰ ਰਚਣਹਾਰੇ ਨੂੰ ਪਤਾ ਹੈ ਕਿ ਵਿਰੋਧ ਹੀ ਇਕ ਦੂਜੇ ਦੇ ਪੂਰਕ, ਇਕ ਦੂਜੇ ਦੀਆਂ ਪਿੱਠ-ਭੂਮੀਆਂ ਅਤੇ ਅਗ੍ਰ-ਭੂਮੀਆਂ ਹੁੰਦੀਆਂ ਹਨ। ਸੰਪੂਰਣ ਦ੍ਰਿਸ਼-ਰਚਣਹਾਰੇ ਇਨ੍ਹਾਂ ਵਿਰੋਧਾਂ ਨੂੰ ਇਕ ਦੂਜੇ ਤੋਂ ਅਭਿੱਜ ਨਹੀਂ ਰੱਖ ਸਕਦੇ:

ਅਸੰਖ ਜਪ ਅਸੰਖ ਭਾਉ।
ਅਸੰਖ ਪੂਜਾ ਅਸੰਖ ਤਪਤਾਉ।
ਅਸੰਖ ਗ੍ਰੰਥ, ਮੁਖ ਵੇਦ ਪਾਠ।
ਅਸੰਖ ਜੋਗ ਮਨਿ ਰਹਹਿ ਉਦਾਸ।
ਅਸੰਖ ਭਗਤ, ਗੁਣ ਗਿਆਨ ਵੀਚਾਰ।
ਅਸੰਖ ਸਤੀ, ਅਸੰਖ ਦਾਤਾਰ।
ਅਸੰਖ ਸੂਰ ਮੁਹ ਭਖ ਸਾਰ।
ਅਸੰਖ ਮੋਨਿ, ਲਿਵ ਲਾਇ ਤਾਰ।
ਕੁਦਰਤਿ ਕਵਣ ਕਹਾ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।
ਜੋ ਤੁਧੁ ਭਾਵੈ, ਸਾਈ ਭਲੀ ਕਾਰ।
ਤੂ ਸਦਾ ਸਲਾਮਤਿ, ਨਿਰੰਕਾਰ॥੧੭॥
ਅਸੰਖ ਮੂਰਖ ਅੰਧ ਘੋਰ।
ਅਸੰਖ ਚੋਰ ਹਰਾਮ ਖੋਰ।
ਅਸੰਖ ਅਮਰ ਕਰ ਜਾਹਿ ਜੋਰ।
ਅਸੰਖ ਗਲਵਢ ਹਤਿਆ ਕਮਾਹਿ।
ਅਸੰਖ ਪਾਪੀ, ਪਾਪ ਕਰ ਜਾਹਿ।
ਅਸੰਖ ਕੂੜਿਆਰ, ਕੂੜੇ ਫਿਰਾਹਿ।
ਅਸੰਖ ਮਲੇਛ ਮਲੁ ਭਖਿ ਖਾਹਿ।
ਅਸੰਖ ਨਿੰਦਕੁ, ਸਿਰਿ ਕਰਹਿ ਭਾਰੁ।
ਨਾਨਕ ਨੀਚੁ ਕਹੈ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।
ਜੋ ਤੁਧੁ ਭਾਵੈ, ਸਾਈ ਭਲੀ ਕਾਰ।
ਤੂ ਸਦਾ ਸਲਾਮਤਿ ਨਿਰੰਕਾਰ॥੧੮॥

**ਇਹ ਪਉੜੀਆਂ ਇਕ ਦੂਜੀ ਦੀਆਂ ਪੂਰਕ ਤਾ ਹਨ; ਹਰ ਪਉੜੀ ਦੇ ਅੰਦਰਵਾਰ ਵੀ ਇਕ ਪੂਰਨ ਨੇਮ ਕੰਮ ਕਰਦਾ ਸਪਸ਼ਟ ਨਜ਼ਰ ਆਉਂਦਾ ਹੈ। 'ਤੂੰ ਸਦਾ ਸਲਾਮਤ ਨਿਰੰਕਾਰ' ਦੀ ਅਧਿਆਤਮਕ ਹੋਂਦ ਅਤੇ 'ਅਸੰਖ ਮੂਰਖ ਅੰਧ ਘੋਰ' ਦੀ 'ਮਨੁੱਖੀ ਹੋਂਦ' ਦੋਹਾਂ ਦੇ ਸੰਜੋਗ ਨਾਲ ਹੀ ਇਸ ਸੰਸਾਰ ਦੀ ਸਿਰਜਨ ਹੋਈ ਹੈ। ਸਾਡਾ ਕਵੀ ਜਿਨ੍ਹਾਂ ਨੂੰ ਪਸੰਦ ਨਹੀਂ ਕਰਦਾ ਉਨ੍ਹਾਂ ਨੂੰ ਵੀ ਆਪਣੇ ਸੰਸਾਰ ਵਿਚ ਸ਼ਾਮਿਲ ਹੋਣ ਦੀ ਦਾਅਵਤ ਦੇਂਦਾ ਹੈ। ਅਜੇਹਾ ਕਾਵਿ ਜ਼ਿੰਦਗੀ ਦੇ ਕਿਸੇ ਇਕ ਪੱਖ ਲਈ ਤੁਅੱਸੁੱਬ ਪੈਦਾ ਨਹੀਂ ਕਰਦਾ, ਸਮੁੱਚੀ ਜ਼ਿੰਦਗੀ ਨਾਲ ਸਬੰਧ ਉਪਜਾਉਂਦਾ ਹੈ।**

ਗੁਰੂ ਨਾਨਕ ਦੀ ਕਾਵਿ ਭਾਵਨਾ
(ਪੁਸਤਕ- *ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ*, ਵਿੱਚੋਂ ਧੰਨਵਾਦ ਸਹਿਤ
ਸੰਪਾਦਕ- ਪ੍ਰੀਤਮ ਸਿੰਘ, ਪ੍ਰਕਾਸ਼ਕ- ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ ਲੁਧਿਆਣਾ)

**(ਸਮਾਪਤ)**

---

# ਵੀਹਵੀਂ ਸਦੀ ਦੇ ਸਿਰਮੌਰ ਕੀਰਤਨੀਏ - ਭਾਈ ਸੰਮੁਦ ਸਿੰਘ

**ਡਾ ਜਾਗੀਰ ਸਿੰਘ**

ਇਕ ਪੁਰਾਣੀ ਯਾਦ- ਕੀਰਤਨ ਕਰਦੇ ਹੋਏ ਭਾਈ ਉੱਤਮ ਸਿੰਘ (ਪਤੰਗ) ਪਿੱਛੇ ਬੈਠ ਬਚਪਨ ਵਿੱਚ ਡਾ ਜਾਗੀਰ ਸਿੰਘ ਉਮਰ 8-9 ਸਾਲ) ਭਾਈ ਸਮੁੰਦ ਸਿੰਘ ਪਿਛਲੀ ਸਦੀ ਦੇ ਸਭ ਤੋਂ ਵਧ ਸਤਿਕਾਰਿਤ ਕੀਰਤਨੀਏ ਸਨ। ਉਹ ਆਪਣੇ ਮਿਆਰੀ ਕੀਰਤਨ ਅਤੇ ਗੁਰਮੁਖੀ ਚਾਲਚਲਣ ਕਾਰਨ ਸਿੱਖ ਸੰਗਤਾਂ ਦੇ ਹਰ ਵਰਗ ਵਿੱਚ ਸਤਿਕਾਰੇ ਜਾਂਦੇ ਸਨ। ਮੇਰਾ ਉਹਨਾਂ ਨਾਲ ਮੇਲ 1969-70 ਵਿੱਚ ਹੋਇਆ। ਉਹ ਉਦੋਂ ਫਤਹਿਗੜ੍ਹ ਸਾਹਿਬ ਦੇ ਨੇੜਲੇ ਪਿੰਡ ਤਲਾਣੀਆਂ ਵਿਖੇ ਸ੍ਰ ਜੁਗਿੰਦਰ ਸਿੰਘ ਮਾਨ ਹੋਰਾਂ ਦੇ ਘਰ ਕਿਸੇ ਸਮਾਗਮ ਤੇ ਕੀਰਤਨ ਕਰਨ ਆਏ ਸਨ। ਇਥੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਆ ਗਏ। ਉਹਨਾਂ ਨਾਲ ਉਦੋਂ ਤਬਲੇ ਭਾਈ ਮੁਕੰਦ ਸਿੰਘ ਜੀ ਸਨ ਜਿਹਨਾਂ ਨੇ ਬਾਅਦ ਵਿੱਚ ਮੇਰੇ ਨਾਲ ਤਬਲਾ ਵਜਾਇਆ ਸੀ।ਭਾਈ ਮੁਕੰਦ ਸਿੰਘ ਨੇ ਮੇਰੇ ਬਾਰੇ ਭਾਈ ਸਮੁੰਦ ਸਿੰਘ ਜੀ ਨੂੰ ਦੱਸਿਆ ਤਾਂ ਉਹਨਾਂ ਮੈਨੂੰ ਗਲਵੱਕੜੀ ਵਿੱਚ ਲੈ ਕੇ ਅਸ਼ੀਰਵਾਦ ਦਿੱਤਾ।ਪਤਾ ਲੱਗਾ ਕਿ ਭਾਈ ਸਾਹਿਬ ਮਾਨ ਸਾਹਿਬ ਦੇ ਬਹੁਤ ਹੀ ਚਹੇਤੇ ਕੀਰਤਨੀਏ ਹਨ।ਮੇਰੇ ਪਿਤਾ ਜੀ ਭਾਈ ਉਤੱਮ ਸਿੰਘ ਜੀ ਪਤੰਗ ਹੋਰਾਂ ਨਾਲ ਵੀ ਮਾਨ ਸਾਹਿਬ ਦਾ ਬੜਾ ਪਿਆਰ ਸੀ। ਇੱਥੋਂ ਤਕ ਕਿ ਜਦੋਂ ਉਹਨਾਂ ਦੇ ਸਪੁੱਤਰ ਸ੍ਰ ਸਿਮਰਨਜੀਤ ਸਿੰਘ ਮਾਨ ਦਾ ਆਨੰਦ ਕਾਰਜ ਸ਼ਿਮਲੇ ਵਿਖੇ ਹੋਇਆ ਤਾਂ ਉਥੇ ਕੀਰਤਨ ਕਰਨ ਲਈ ਸਾਡਾ ਰਾਗੀ ਜਥਾ ਹੀ ਗਿਆ ਸੀ। ਮਾਨ ਸਾਹਿਬ ਦੇ ਘਰ ਕੀਰਤਨ ਕਰਨ ਦੀ ਇੱਕ ਹੋਰ ਵਿਸ਼ੇਸ਼ਤਾ ਸੀ। ਉਹ ਪੰਡਾਲ ਵਿੱਚ ਲਾਊਡਸਪੀਕਰ ਨਹੀਂ ਸੀ ਲਾਉਣ ਦਿੰਦੇ। ਉਹਨਾਂ ਦਾ ਵਿਚਾਰ ਸੀ ਕਿ ਇਸ ਨਾਲ ਕੀਰਤਨੀਏ ਦੀ ਆਵਾਜ਼ ਦੀ ਮੌਲਿਕਤਾ ਖਤਮ ਹੋ ਜਾਂਦੀ ਹੈ। ਜਦੋਂ ਮਾਨ ਸਾਹਿਬ ਦੇ ਇੱਕ ਲੜਕੇ ਦਾ ਦੇਹਾਂਤ ਹੋਇਆ ਤਾਂ ਮੈਂ ਉਥੇ ਉਹਨਾਂ ਦੇ ਘਰ 6-7 ਦਿਨ ਕੀਰਤਨ ਕਰਦਾ ਰਿਹਾ ਸਾਂ।ਉਹਨਾਂ ਦਿਨਾਂ ਵਿੱਚ ਸ੍ਰ ਜੁਗਿੰਦਰ ਸਿੰਘ ਮਾਨ ਅਤੇ ਸ੍ਰ ਭੁਪਿੰਦਰ ਸਿੰਘ ਮਾਨ ਦੀਆਂ ਬਹੁਤ ਅਸੀਸਾਂ ਪ੍ਰਾਪਤ ਹੋਈਆਂ ਸਨ।

ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਤੋਂ ਮੈਂ ਪਹਿਲਾਂ ਹੀ ਪ੍ਰਭਾਵਿਤ ਸਾਂ। ਜਦੋਂ ਸਾਡੇ ਘਰ ਵਿੱਚ 1960-61 ਵਿੱਚ ਰੇਡੀਓ ਆਇਆ ਤਾਂ ਗੁਰਪੁਰਬਾਂ ਦੇ ਮੌਕੇ ਤੇ ਭਾਈ ਸਮੁੰਦ ਸਿੰਘ ਜੀ, ਭਾਈ ਪਿਆਰਾ ਸਿੰਘ, ਭਾਈ ਸੰਤਾ ਸਿੰਘ ਆਦਿ ਰਾਗੀਆਂ ਦੇ ਗਾਏ ਸ਼ਬਦ ਸੁਣਨ ਨੂੰ ਮਿਲਦੇ ਸਨ ਤੇ ਸਾਡੇ ਭਾਪਾ ਜੀ ਖਾਸ ਤੌਰ ਤੇ ਨਾਮ ਲੈ ਕੇ ਸਾਨੂੰ ਦਸਦੇ ਹੁੰਦੇ ਸਨ।ਜਦੋਂ ਮੈਂ ਭਾਈ ਬਖਸ਼ੀਸ਼ ਸਿੰਘ ਨਾਲ ਕੀਰਤਨ ਕਰਦਾ ਸਾਂ ਤਾਂ ਉਹ ਆਪਣੇ ਨਾਲ ਇੱਕ ਟ੍ਰਾਂਜ਼ਿਸਟਰ ਰਖਦੇ ਸਨ ਜਦੋਂ ਗੁਰਬਾਣੀ ਵਿਚਾਰ ਜਾਂ ਰਾਤ ਵੇਲੇ ਰਾਗਾਂ ਵਿੱਚ ਕੀਰਤਨ ਆਉਣਾ ਤਾਂ ਉਹਨਾਂ ਨੇ ਟ੍ਰਾਂਜ਼ਿਸਟਰ ਲਗਾ ਦੇਣਾ ਕਈ ਵਾਰੀ ਉਹਨਾਂ ਦਾ ਜਾਂ ਭਾਈ ਸਮੁੰਦ ਸਿੰਘ ਜੀ ਦਾ ਸ਼ਬਦ ਆਉਣਾ ਤਾਂ ਉਹਨਾਂ ਨੇ ਗਾਇਕੀ ਸਬੰਧੀ ਕੁਝ ਨੁਕਤੇ ਦੱਸਣ ਲੱਗ ਪੈਣਾ।1982-83 ਵਿੱਚ ਸ੍ਰ ਬਰਜਿੰਦਰ ਸਿੰਘ ਹੋਰਾਂ ਨੇ ਪੰਜਾਬੀ ਟ੍ਰਿਬਿਊਨ ਵਿੱਚ ਕੀਰਤਨੀਆਂ ਸਬੰਧੀ ਇੱਕ ਲੇਖ ਲੜੀ ਲਿਖਣ ਨੂੰ ਕਿਹਾ ਤਾਂ ਉਸ ਸਮੇਂ ਮੈਂ ਸ਼ਾਇਦ 15 ਕੀਰਤਨੀਆਂ ਬਾਰੇ ਲੇਖ ਲਿਖੇ ਸਨ। ਉਦੋਂ ਭਾਈ ਸਮੁੰਦ ਸਿੰਘ ਜੀ ਬਾਰੇ

ਲੇਖ ਲਿਖਣ ਲਈ ਚੰਡੀਗੜ੍ਹ ਦੇ ਕੁਝ ਕੀਰਤਨ ਪ੍ਰੇਮੀ ਬਜ਼ੁਰਗਾਂ ਨਾਲ ਮੁਲਾਕਾਤਾਂ, ਚੀਫ ਖਾਲਸਾ ਦੀਵਾਨ ਦੇ ਰਸਾਲਿਆਂ ਅਤੇ ਭਾਈ ਸਾਹਿਬ ਦੇ ਸ਼ਗਿਰਦ ਪ੍ਰੋ ਪਰਮਜੋਤ ਸਿੰਘ ਹੋਰਾਂ ਰਾਹੀਂ ਜਾਣਕਾਰੀ ਪ੍ਰਾਪਤ ਕਰਕੇ ਲੇਖ ਲਿਖਿਆ ਸੀ।

ਜਦੋਂ ਆਪਣੇ ਮਾਸਿਕ ਪੱਤਰ ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ ਆਰੰਭ ਕੀਤੀ ਤਾਂ ਇਸ ਵਿੱਚ ਵੀ ਭਾਈ ਸਮੁੰਦ ਸਿੰਘ ਜੀ ਬਾਰੇ ਕਈ ਲੇਖ ਛਾਪੇ।ਭਾਈ ਸਮੁੰਦ ਸਿੰਘ ਜੀ ਆਧੁਨਿਕ ਕਾਲ ਦੇ ਅਜਿਹੇ ਕੀਰਤਨੀਏ ਜਿਹਨਾਂ ਬਾਰੇ ਸਭ ਤੋਂ ਵਧ ਲੇਖ ਅਤੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ।

ਭਾਈ ਸਾਹਿਬ ਦਾ ਜਨਮ 3 ਮਾਰਚ ਸੰਨ 1900 ਨੂੰ ਪਿੰਡ ਮੂਲਾਂ ਹਮਜ਼ਾ ਵਿੱਚ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿੱਚ ਹੋਇਆ। ਆਪ ਦੇ ਪੁਰਖੇ ਨਨਕਾਣਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ ਹਨ।ਇਹ ਪਰਿਵਾਰ ਤੰਤੀ ਸਾਜ਼ਾਂ ਨਾਲ ਕੀਰਤਨ ਕਰਦਾ ਸੀ।ਭਾਈ ਸਮੁੰਦ ਸਿੰਘ ਜੀ ਦੇ ਪਿਤਾ ਹਜ਼ੂਰਾ ਸਿੰਘ ਮਹੰਤ ਸ਼ਾਮ ਸਿੰਘ ਜੀ ਜੋ ਦਿਲਰੁਬਾ ਨਾਲ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਸਨ ਦੇ ਸ਼ਗਿਰਦ ਸਨ।ਹਜ਼ੂਰਾ ਸਿੰਘ ਨਨਕਾਣਾ ਸਾਹਿਬ ਦੇ ਹੈਂਡ ਗ੍ਰੰਥੀ ਅਤੇ ਕੀਰਤਨੀਏ ਸਨ।ਹਜ਼ੂਰਾ ਸਿੰਘ ਜੀ ਦੇ ਛੋਟੇ ਭਰਾ ਭਾਈ ਗੁਰਦਿਤ ਸਿੰਘ ਤਬਲਾ ਵਜਾਉਂਦੇ ਸਨ।ਜਿਥੇ ਘਰ ਵਿਚਲੇ ਕੀਰਤਨ ਦੇ ਮਾਹੌਲ ਨੇ ਬਾਲਕ ਸਮੁੰਦ ਸਿੰਘ ਨੂੰ ਸੰਗੀਤਕ ਗੁੜਤੀ ਦਿੱਤੀ ਉਥੇ ਉਸ ਨੇ ਭਾਈ ਹੀਰਾ ਸਿੰਘ, ਉਸਤਾਦ ਸ਼ੇਰ ਸਿੰਘ ਗੁਜਰਾਂਵਾਲੀਏ ਅਤੇ ਭਾਈ ਪਿਆਰਾ ਸਿੰਘ ਰਬਾਬੀ ਪਾਸੋਂ ਵੀ ਕੀਰਤਨ ਅਤੇ ਰਾਗਦਾਰੀ ਦੀ ਸਿੱਖਿਆ ਪ੍ਰਾਪਤ ਕੀਤੀ।ਉਸ ਵੇਲੇ ਨਨਕਾਣਾ ਸਾਹਿਬ ਵਿਖੇ ਉੱਚ ਕੋਟੀ ਦੇ ਰਾਗੀ ਰਬਾਬੀ ਕੀਰਤਨ ਕਰਦੇ ਸਨ ਉਹਨਾਂ ਦਾ ਪ੍ਰਭਾਵ ਵੀ ਭਾਈ ਸਾਹਿਬ ਉਪੱਰ ਪੈਦਾ ਕੁਦਰਤੀ ਸੀ।

ਉਸ ਸਮੇਂ ਨਨਕਾਣਾ ਸਾਹਿਬ ਵਿੱਚ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ, ਭਾਈ ਮਿਹਰ ਸਿੰਘ ਤਾਨ, ਭਾਈ ਜ਼ਸਵੰਤ ਸਿੰਘ ਪਾਲ ਸਿੰਘ (ਜੱਸਾ ਪਾਲਾ) ਦਾ ਰਾਗੀ ਜਥਾ ਕੀਰਤਨ ਕਰਦਾ ਸੀ।ਇਹ ਸਾਰੇ ਉੱਚ ਕੋਟੀ ਦੇ ਰਾਗੀ ਸਨ।ਇਹ ਉਹ ਸਮਾਂ ਸੀ ਜਦੋਂ ਸਿੱਖ ਪੰਥ ਵਿੱਚ ਪੁਨਰ ਜਾਗਰਤੀ ਦੀ ਲਹਿਰ ਚੱਲ ਰਹੀ ਸੀ। ਇਸ ਲਹਿਰ ਵਿੱਚ ਚੀਫ ਖਾਲਸਾ ਦੀਵਾਨ ਪ੍ਰਮੁਖ ਭੂਮਿਕਾ ਨਿਭਾ ਰਿਹਾ ਸੀ।ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਵਿਦਿਅਕ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਸਨ।ਪੰਥ ਦੇ ਪ੍ਰਸਿੱਧ ਰਾਗੀ ਜਥੇ ਇਹਨਾਂ ਕਾਨਫਰੰਸਾਂ ਵਿੱਚ ਹਿੱਸਾ ਲੈਂਦੇ ਸਨ।ਭਾਈ ਸਮੁੰਦ ਸਿੰਘ ਤਾਂ ਬਚਪਨ ਤੋਂ ਇਹਨਾਂ ਕਾਨਫਰੰਸਾਂ ਨਾਲ ਜੁੜੇ ਹੋਏ ਸਨ।ਸੱਤ ਸਾਲ ਦੀ ਉਮਰ ਵਿੱਚ ਆਪਨੇ ਇਕ ਕਾਨਫਰੰਸ ਵਿੱਚ ਆਪਣੀ ਮਿੱਠੀ ਆਵਾਜ਼ ਵਿੱਚ ਸ਼ਬਦ ਗਾਇਨ ਕੀਤਾ ਸੀ- "ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।" ਇਸ ਤੋਂ ਬਾਅਦ ਆਪ ਲਗਾਤਾਰ ਇਹਨਾਂ ਕਾਨਫਰੰਸਾਂ ਵਿੱਚ ਕੀਰਤਨ ਕਰਕੇ ਇਨਾਮ ਜਿੱਤਣ ਲੱਗ ਪਏ। ਆਪ ਦੀ ਮਿੱਠੀ ਤੇ ਮਧੁਰ ਆਵਾਜ਼ ਸੁਣਨ ਲਈ ਸਰੋਤੇ ਘੰਟਿਆਂ ਬੱਧੀ ਸੰਗਤ ਵਿੱਚ ਬੈਠੇ ਉਡੀਕਦੇ ਰਹਿੰਦੇ ਤੇ ਸ਼ਬਦ ਕੀਰਤਨ ਸੁਣ ਕੇ ਰਸ-ਮੁਗਧ ਹੁੰਦੇ।ਭਾਈ ਸਾਹਿਬ ਦੇ ਬਚਪਨ ਦੇ ਇਸ ਕੀਰਤਨ ਬਾਰੇ ਸਰਦੂਲ ਸਿੰਘ ਕਵੀਸ਼ਰ ਅਤੇ ਸ੍. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ ਹੈ।

ਸਿੱਖ ਵਿਦਿਅਕ ਕਾਨਫਰੰਸਾਂ ਦਾ ਮਨੋਰਥ ਜਿਥੇ ਸਿੱਖਾਂ ਨੂੰ ਵਿਦਿਅਕ ਖੇਤਰ ਵਿੱਚ ਤਰੱਕੀ ਕਰਨ ਲਈ ਉਤਸਾਹਿਤ ਕਰਨਾ ਸੀ ਉਥੇ ਇਹ ਗੁਰਬਾਣੀ ਕੀਰਤਨ ਦੇ ਮਿਆਰ ਨੂੰ ਵੀ ਸਥਾਪਤ ਕਰਨ ਵਿੱਚ ਹਿੱਸਾ ਪਾ ਰਹੀਆਂ ਸਨ।24ਵੀਂ ਕਾਨਫਰੰਸ ਜਿਹੜੀ ਰਾਵਲਪਿੰਡੀ ਵਿੱਚ ਹੋਈ ਸੀ ਇਸ ਵਿੱਚ ਸ੍: ਬ: ਕਾਹਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੀਆਂ ਕਈ ਰਮਜ਼ਾਂ ਸਮਝਾਈਆਂ। ਉਹਨਾਂ ਕਿਹਾ- "ਖਾਲਸਾ ਜੀ ਵਾਹਿਗੁਰੂ ਦੀ ਕ੍ਰਿਪਾ ਨਾਲ ਸਾਡੇ ਵਿੱਚ ਚੰਗੇ ਰਾਗੀ ਹੋ ਗਏ ਹਨ। ਜੋ ਪਰੇਮ ਮਈ ਕੀਰਤਨ ਕਰਦੇ ਹਨ, ਪਰੰਤੂ ਕਈ ਥਾਵਾਂ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਰਾਗੀ ਤੇ ਰਬਾਬੀ ਗੁਰਬਾਣੀ ਕੀਰਤਨ ਵਿੱਚ ਸਿਨੇਮਾ ਤੇ ਨਾਟਕਾਂ ਦੀਆਂ ਚੰਚਲ ਧਾਰਨਾਂ ਬਹੁਤੀਆਂ ਵਰਤਦੇ ਹਨ ਜਿਸ ਤੋਂ ਉਹ ਭਾਵ ਤੇ ਅਸਰ ਨਹੀਂ ਹੋ ਰਿਹਾ ਜੋ ਕੀਰਤਨ ਤੋਂ ਹੋਣਾ ਚਾਹੀਦਾ ਸੀ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਨੇ ਰਾਗ ਦੀ ਉਹ ਮਰਯਾਦਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਪੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਣੀਤ ਕੀਤੀ, ਨੂੰ ਫਿਰ ਪ੍ਰਚਲਤ ਕਰਨ ਦਾ ਸ਼ਲਾਘਾਯੋਗ ਉਦਮ ਅਰੰਭਿਆ ਹੈ। ਜਿਹੜੇ ਰਾਗੀ ਇਸ ਕੀਰਤਨ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਹਨ,ਉਹਨਾਂ ਨੂੰ ਇਹਨਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਬਾਣੀ ਦਾ ਸ਼ੁਧ ਤੇ ਸਪਸ਼ਟ ਉਚਾਰਨ ਹੋਵੇ। ਸ਼ੁਧ ਪਾਠ ਤੋਂ ਭਾਵ ਇਹ ਹੈ ਸਿਆਰੀ ਬਿਹਾਰੀ ਆਦਿ ਲਗਾਂ ਮਾਤਰਾਂ ਦਾ ਪੂਰਨ ਉਚਾਰਨ ਹੋਵੇ ਜਿਹਾ ਕ੍ਰਿ ਕਾਮਿ ਕ੍ਰੋਧਿ ਨਗਰੁ ਬਹੁ ਭਰਿਆ, ਕਾਮ ਕ੍ਰੋਧ ਦੀ ਸਿਆਰੀ ਨਾਲ ਇਸ ਪਾਠ ਦੇ ਅਰਥ ਇਹ ਬਣਦੇ ਹਨ ਕਾਮਿ ਕੋਧਿ ਦੇ ਨਾਲ ਇਸੇ ਤਰ੍ਹਾਂ ਪਾਠ ਹ੍ਹੈ ਤਿਸਦੈ ਚਾਨਣਿ ਸਭ ਮਹਿ ਚਾਨਣਿ ਹੋਇ। ਪਹਿਲੇ ਚਾਨਣਿ ਵਿਚ ਸਿਆਰੀ ਹੈ ਜਿਸਦੇ ਅਰਥ ਹਨ ਨਾਲ ਦੂਜੇ ਪਾਠ ਵਿੱਚ ਚਾਨਣੁ ਹੈ ਜੋ ਨਾਉਨ ਹੈ ਇਹਦੇ ਅਰਥ ਹਨ ਚਾਨਣਾ।

ਸਪਸ਼ਟ ਤੋਂ ਭਾਵ ਇਹ ਹੈ ਕਿ ਜਿਹੜੀ ਤੁਕ ਉਚਾਰਨ ਕੀਤੀ ਜਾਏ ਸਰੋਤੇ ਉਸ ਨੂੰ ਚੰਗੀ ਤਰ੍ਹਾਂ ਸੁਣ ਸਕਣ, ਉਹਨਾਂ ਨੂੰ ਪਤਾ ਲਗ ਜਾਇ ਕਿ ਕਿਹੜੀ ਪੰਗਤੀ ਪੜ੍ਹੀ ਜਾ ਰਹੀ ਹੈ। ਕਿਉਂ ਕਿ ਕਈ ਵਾਰ ਵੇਖਿਆ ਗਿਆ ਹੈ ਕਿ ਇਹ ਪਤਾ ਨਹੀਂ ਲਗਦਾ ਕਿ ਰਾਗੀ ਕਿਹੜੀ ਤੁਕ ਉਚਾਰਨ ਕਰ ਰਿਹਾ ਹੈ।

ਕਈ ਰਾਗੀ ਗਾਉਣ ਲੱਗਿਆਂ ਮੂੰਹ ਵਿੰਗਾ ਟੇਡਾ ਕਰ ਲੈਂਦੇ ਹਨ, ਜੋ ਨਹੀਂ ਕਰਨਾ ਚਾਹੀਦਾ। ਕਈ ਵੇਰ ਹੱਥਾਂ ਨੂੰ ਹਿਲਾਉਣ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੀਰਤਨ ਵਿੱਚ ਇਹ ਗੱਲ ਨਹੀਂ ਸੋਭਦੀ। ਲੋੜ ਅਨੁਸਾਰ ਕੁਝ ਦੱਸਣ ਲਈ ਹਥ ਹਿਲਾਇਆ ਜਾਂ ਟਕੋਰ ਲਗਾਈ ਜਾਣੀ ਚਾਹੀਦੀ ਹੈ, ਪਰ ਲੋੜ ਤੋਂ ਵਧੀਕ ਨਹੀ।

ਕੀਰਤਨ ਕਰਨ ਲੱਗਿਆਂ ਸੁਰ, ਤਾਲ ਅਤੇ ਲੈਅ ਆਦਿਕ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਕੀਰਤਨ ਦਾ ਇਕ ਜ਼ਰੂਰੀ ਅੰਗ ਇਹ ਹੁੰਦਾ ਹੈ ਕਿ ਕੀਰਤਨ ਦਾ ਸੰਗਤਾਂ ਤੇ ਕੀ ਅਸਰ ਪਿਆ? ਕੀਰਤਨ ਉਸੇ ਰਾਗੀ ਦਾ ਪ੍ਰਸ਼ੰਸਨੀਯ ਸਮਝਣਾ ਚਾਹੀਦਾ ਹੈ ਜਿਸਦਾ ਸ੍ਰੋਤਿਆਂ ਉਪਰ ਚੰਗਾ ਪ੍ਰਭਾਵ ਪਿਆ ਹੋਵੇ। ਜਿਸਦਾ ਸ੍ਰੋਤਿਆਂ ਤੇ ਅਸਰ ਚੰਗਾ ਨਾ ਪਿਆ, ਉਸ ਰਾਗੀ ਨੂੰ ਯੋਗ ਨਹੀਂ ਸਮਝਣਾ ਚਾਹੀਦਾ।"

ਕੀਰਤਨ ਦੀ ਮਰਯਾਦਾ ਸਬੰਧੀ ਇਸ ਲੈਕਚਰ ਤੋਂ ਬਾਅਦ ਢਾਈ ਘੰਟੇ ਦੇ ਕਰੀਬ ਕੀਰਤਨ ਦਰਬਾਰ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਨੂੰ ਪੁਰਾਤਨ ਧਾਰਨਾ, ਜਿਹਨਾਂ ਰਾਗਾਂ ਵਿੱਚ ਸ਼ਬਦ ਉਚਾਰਨ ਹੋਏ ਹਨ, ਉਹਨਾਂ ਵਿੱਚ ਹੀ ਗਾਇਨ ਕਰਨਾ, ਸ਼ੁਧ ਤੇ ਸਪਸ਼ਟਤਾ ਨਾਲ ਪੜ੍ਹੇ ਜਾਣ ਸਬੰਧੀ ਚੀਫ ਖਾਲਸਾ ਦੀਵਾਨ ਦੇ ਇਸ ਉੱਦਮ ਨੂੰ ਸਾਰਿਆਂ ਪਾਸਿਆਂ ਤੋਂ ਸਲਾਹਿਆ ਗਿਆ ਤੇ ਦੀਵਾਨ ਦੇ ਇਸ ਕੰਮ ਨੂੰ ਪੰਥ ਦੀ ਨਿੱਗਰ ਉਸਾਰੀ ਤੇ ਭਾਰੀ ਪੰਥ ਸੇਵਾ ਕਹਿਆ ਜਾਂਦਾ ਰਿਹਾ। ਇਸ ਕੀਰਤਨ ਦਰਬਾਰ ਵਿੱਚ ਜੱਜਾਂ ਦੇ ਫੈਸਲੇ ਅਨੁਸਾਰ ਭਾਈ ਸਮੁੰਦ ਸਿੰਘ ਜੀ ਨੂੰ ਪਹਿਲਾ ਇਨਾਮ 125 ਰੁਪਏ ਦਾ ਦਿੱਤਾ ਗਿਆ । ਦੂਜੇ ਇਨਾਮ ਤੇ ਰਹਿਣ ਵਾਲੇ ਭਾਈ ਪਿਆਰਾ ਸਿੰਘ, ਪ੍ਰੰ ਨਥੂ ਰਾਮ, ਤੇ ਪ੍ਰੋ ਸੁੰਦਰ ਸਿੰਘ ਜੀ ਸਨ, ਜਿਹਨਾਂ ਤਿੰਨਾਂ ਨੂੰ ਇਕੋ ਜਿਹਾ ਇਨਾਮ ਦਿੱਤਾ ਗਿਆ।

ਚੀਫ ਖਾਲਸਾ ਦੀਵਾਨ ਦੀਆਂ ਇਹ ਕਾਨਫਰੰਸਾਂ ਗੁਰਮਤਿ ਸੰਗੀਤ ਦੀ ਪ੍ਰਫੁਲਤਾ ਵਿੱਚ ਅਹਿਮ ਰੋਲ ਅਦਾ ਕਰ ਰਹੀਆਂ ਸਨ ਇਹਨਾਂ ਕਾਨਫਰੰਸਾਂ ਵਿੱਚ ਜਿਹੜੇ ਰਾਗੀ ਰਬਾਬੀ ਕੀਰਤਨ ਕਰਦੇ ਰਹੇ ਹਨ ਵਿੱਚੋਂ ਭਾਈ ਹੀਰਾ ਸਿੰਘ ਸਿੰਘ, ਭਾਈ ਸੁਧ ਸਿੰਘ ਪ੍ਰਧਾਨ ਸਿੰਘ, ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ ਆਦਿ ਪ੍ਰਸਿੱਧ ਹਨ। ਇਸ ਤਰ੍ਹਾਂ ਕੀਰਤਨ ਦਾ ਮਿਆਰ ਸਥਾਪਤ ਕਰਨ ਦਾ ਮਾਹੌਲ ਬਣ ਰਿਹਾ ਸੀ। ਭਾਈ ਸਮੁੰਦ ਸਿੰਘ ਜੀ ਆਲ ਇੰਡੀਆ ਰੇਡੀਓ ਨਾਲ ਵੀ ਸਾਰੀ ਉਮਰ ਜੁੜੇ ਰਹੇ। ਸ੍ਰ, ਬਲਬੀਰ ਸਿੰਘ ਕੰਵਲ ਆਪਣੀ ਪੁਸਤਕ 'ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ' ਵਿੱਚ ਜ਼ਿਕਰ ਕਰਦੇ ਹਨ–

ਜਨਵਰੀ 1937 ਵਿੱਚ ਲਾਹੌਰ ਰੇਡੀਓ ਸਟੇਸ਼ਨ ਖੁੱਲ੍ਹ ਚੁੱਕਾ ਸੀ। ਉਸ ਸਾਲ ਜਦੋਂ ਭਾਈ ਸਮੁੰਦ ਸਿੰਘ ਜੀ ਨੇ ਪਹਿਲਾ ਪ੍ਰੋਗਰਾਮ ਪੇਸ਼ ਕੀਤਾ ਤਾਂ ਉਨ੍ਹਾਂ ਦੀ ਰਸ-ਭਿੰਨੀ ਆਵਾਜ਼ ਸੁਣ ਕੇ ਉਸਤਾਦ ਬੜੇ ਗੁਲਾਮ ਅਲੀ ਖਾਂ ਵਰਗੇ ਮਹਾਨ ਗਾਇਕ ਵੀ ਫੜਕ ਗਏ।ਉਨ੍ਹਾਂ ਨੂੰ ਆਪਣੇ ਘਰ ਆਉਣ ਦੀ ਦਾਅਵਤ ਦਿੱਤੀ। ਉਂਜ ਤਾਂ ਭਾਵੇਂ ਉਹ ਦੋਵੇਂ ਹਾਣੀ ਸਨ, ਪਰ ਭਾਈ ਸਾਹਿਬ ਦੀ ਸ਼ੈਲੀ ਵਿੱਚ ਕਿਧਰੇ ਕਿਧਰੇ ਖਾਂ ਸਾਹਿਬ ਦੀ ਗਾਇਕੀ ਦੀ ਝਲਕ ਵੀ ਪ੍ਰਤੱਖ ਸੀ।ਖਿਆਲ ਗਾਇਕੀ ਤੋਂ ਛੁੱਟ ਉਹਨਾਂ ਨੂੰ ਧਰੁਪਦ ਧਮਾਰ ਅੰਗ ਤੇ ਵੀ ਪੂਰਾ ਅਬੂਰ ਹਾਸਲ ਸੀ।ਗੁਰਬਾਣੀ ਦੇ ਰਾਗਾਂ ਨੂੰ ਉਹ ਸਦਾ ਰੀ ਮਰਿਆਦਾ ਅਨੁਸਾਰ ਹੀ ਗਾਉਂਦੇ ਅਤੇ ਕਈ ਵੇਰ ਔਖੇ ਅਪ੍ਰਚਲਤ ਤਾਲਾਂ ਵਿੱਚ। ਬਲਵੰਤ ਗਾਰਗੀ ਨੇ ਵੀ ਆਪਣੀ ਇੱਕ ਯਾਦ ਜੋ 1945 ਵਿਚਲੀ ਹੈ, ਬਾਰੇ ਲਿਖਿਆ ਹੈ ਕਿ "ਇੱਕ ਦਿਨ ਮੈਂ ਰੇਡੀਓ ਸਟੇਸ਼ਨ ਲਾਹੌਰ ਦੇ ਸਟੂਡੀਓ ਵਿੱਚੋਂ ਦੀ ਲੰਘਿਆ ਤਾਂ ਇੱਕ ਬੇਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੱਤੀ। ਇਸ ਵਿੱਚ ਮਿੱਠ ਖ਼ਰਜ ਦੇ ਸੁਰ ਗੂੰਜ ਰਹੇ ਸਨ। ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ?" ਕਿਸੇ ਨੇ ਮੈਨੂੰ ਦੱਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਹੈ। ਮੈਂ ਹੈਰਾਨ ਰਹਿ ਗਿਆ। ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਹੋਰ ਕਿਸੇ ਦੀ ਨਹੀਂ ਹੋ ਸਕਦੀ। ਮੈਂ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨ੍ਹੀ ਤੇ ਬਾਦਾਮੀ ਵਾਸਕਟ ਪਾਈ ਚੌਕੜੇ ਵਿੱਚ ਬੈਠਾ ਕੋਈ ਗੁਰੂ ਕਾ ਸਿੱਖ ਗਾ ਰਿਹਾ ਸੀ। ਖੁੱਲ੍ਹੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ, ਇਹ ਭਾਈ ਸਮੁੰਦ ਸਿੰਘ ਰਾਗੀ ਸੀ।"ਜਦੋਂ ਦੇਸ ਵੰਡ ਹੋਈ ਤਾਂ ਭਾਈ ਸਾਹਿਬ ਜਲੰਧਰ ਰੇਡੀਓ ਨਾਲ ਜੁੜ ਗਏ।ਆਪ ਏ ਕਲਾਸ ਕੀਰਤਨੀਏ ਸਨ। ਭਾਵੇਂ ਇਸ ਵੇਲੇ ਹੋਰ ਵੀ ਕਈ ਜਥੇ ਕੀਰਤਨ ਕਰ ਰਹੇ ਸਨ। ਪਰ ਮਿਆਰੀ ਕੀਰਤਨ ਭਾਈ ਸਮੁੰਦ ਸਿੰਘ ਜੀ ਦਾ ਹੀ ਮੰਨਿਆ ਜਾਂਦਾ ਸੀ।ਆਪ ਨੇ ਦੇਸ ਦੇ ਲਗਭਗ ਹਰ ਰੇਡੀਓ ਸਟੇਸ਼ਟ ਤੇ ਕੀਰਤਨ ਕੀਤਾ।

ਉਸਤਾਦ ਬੜੇ ਗੁਲਾਮ ਅੱਲੀ ਖਾਂ ਸਾਹਿਬ ਆਪ ਜੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਨ੍ਹਾਂ ਦੇ ਮਨ ਵਿੱਚ ਭਾਈ ਸਾਹਿਬ ਲਈ ਬਹੁਤ ਸਤਿਕਾਰ ਸੀ।ਖਾਂ ਸਾਹਿਬ ਨੇ ਜਦੋਂ ਪਹਿਲੀ ਵਾਰ ਲਾਹੌਰ ਰੇਡੀਓ ਸਟੇਸ਼ਨ ਤੋਂ ਭਾਈ ਸਾਹਿਬ ਦੁਆਰਾ ਗਾਇਨ ਕੀਤੇ ਸ਼ਬਦਾਂ ਨੂੰ ਸੁਣਿਆ ਤਾਂ ਉਨ੍ਹਾਂ ਸਹਿਜ ਸੁਭਾ ਕਿਹਾ," ਭਾਈ ਸਮੁੰਦ ਸਿੰਘ ਸਿੱਖੋਂ ਮੇ ਨਿਹਾਇਤ ਹੀ ਸ਼ੁਧ ਸੁਰ ਔਰ ਫਨ ਕਾ ਏਕ ਹੀ ਫਨਕਾਰ ਹੈ।" ਸ੍ਰੀ ਦਲੀਪ ਚੰਦਰ ਬੇਦੀ (ਸੰਗੀਤ ਉਸਤਾਦ) ਨੇ ਭਾਈ ਸਾਹਿਬ ਨੂੰ ਸੁਰ ਦਾ ਬਾਦਸ਼ਾਹ ਤੇ ਬਹਿਰੇ-ਮੌਸੀਕੀ ਕਹਿ ਕੇ ਸਲਾਹਿਆ। ਪ੍ਰਸਿੱਧ ਲਿਖਾਰੀ ਗੁਰਬਖਸ਼ ਸਿੰਘ ਪ੍ਰੀਤ ਲੜੀ ਆਪਣੀ ਜੀਵਨ

ਕਥਾ ਵਿੱਚ ਲਿਖਦੇ ਹਨ ਜਦੋਂ ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਵਿਦਿਅਕ ਕਾਨਫ੍ਰੰਸਾਂ ਹੁੰਦੀਆਂ ਸਨ ਤਾਂ ਉੱਥੇ ਕਾਕਾ ਸਮੁੰਦ ਸਿੰਘ ਪਾਸੋਂ ਵਿਸ਼ੇਸ਼ ਤੌਰ ਤੇ ਸ਼ਬਦ ਸੁਣਨ ਦੀ ਫਰਮਾਇਸ਼ ਕੀਤੀ ਜਾਂਦੀ ਸੀ।

ਬਲਰਾਜ ਸਾਹਨੀ ਨੇ ਭਾਈ ਸਾਹਿਬ ਦੀ ਕੀਰਤਨ ਕਲਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੂੰ ਵੀਹਵੀਂ ਸਦੀ ਦੇ ਚਾਰ ਮਹਾਨ ਪੰਜਾਬੀਆਂ ਵਿੱਚ ਸ਼ਾਮਲ ਕੀਤਾ ਹੈ। ਉਹਨਾਂ ਅਨੁਸਾਰ ਪੰਜਾਬੀ ਲੇਖਕਾਂ ਵਿੱਚ ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ, ਚਿਤਰਕਾਰਾਂ ਵਿੱਚ ਸ੍ਰ ਸੋਭਾ ਸਿੰਘ, ਸ਼ਾਸਤਰੀ ਸੰਗੀਤ ਵਿੱਚ ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਕੀਰਤਨ ਕਲਾ ਵਿੱਚ ਭਾਈ ਸਮੁੰਦ ਸਿੰਘ ਜੀ ਸ਼ਾਮਲ ਹਨ। ਭਾਈ ਸਾਹਿਬ ਦਾ ਸ਼ਾਹਕਾਰ (**Master Piece**) ਸ਼ਬਦ "ਭਿੰਨੀ ਰੈਨੜੀਐ ਚਾਮਕਨਿ ਤਾਰੇ" ਸੋਰਠਿ ਰਾਗ ਵਿੱਚ ਸੀ। ਹੋਰ ਮਨਪਸੰਦ ਸ਼ਬਦ, ਜੋ ਉਹ ਬਹੁਤ ਵਾਰ ਗਾਉਂਦੇ ਸਨ, ਰਾਗ ਬਿਹਾਗੜੇ ਵਿੱਚੋਂ "ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ" ਅਤੇ ਰਾਗ ਕਲਿਆਣ ਵਿੱਚੋਂ "ਮੋਹਿ ਕਬਿ ਗਲਿ ਲਾਵਹਿਗੈ"; ਸੋਰਿਠ ਰਾਗ ਵਿੱਚ ਹੀ "ਪ੍ਰਭ ਜੀਉ ਖਸਮਾਨਾ ਕਰਿ ਪਿਆਰੇ"; "ਜੋ ਨਰੁ ਦੁਖ ਮਹਿ ਦੁਖੁ ਨਹੀਂ ਮਾਨੈ" ਸ਼ਬਦ ਚੌਦਾਂ ਮਾਤਰਾ ਵਿੱਚ ਹਮੀਰ ਵਿੱਚ ਗਾਉਂਦੇ ਸਨ। "ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ" ਸਿੰਧੀ ਭੈਰਵੀ ਰਾਗ ਵਿੱਚ ਗਾਇਆ। "ਕਿਉਂ ਜੀਵਨੁ ਪ੍ਰੀਤਮ ਬਿਨੁ ਮਾਈ" ਆਦਿ ਸ਼ਬਦ ਸੰਗਤਾਂ ਵਿੱਚ ਬਹੁਤ ਪ੍ਰਚਲਿਤ ਹੋਏ।

ਪ੍ਰਭਾਤ ਵੇਲੇ ਦੇ ਰਾਗਾਂ ਵਿੱਚੋਂ ਉਹਨਾਂ ਨੂੰ ਰਾਮਕਲੀ, ਅਹੀਰ-ਭੈਰਉ ਤੇ ਆਸਾਵਾਰੀ ਪਸੰਦ ਸਨ, ਇਹਨਾਂ ਰਾਗਾਂ ਵਿੱਚ ਉਨ੍ਹਾਂ ਦੀ ਸ਼ਬਦ ਗਾਇਕੀ ਬਹੁਤ ਸਲਾਹੀ ਜਾਂਦੀ। 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਵਿੱਚ ਰਾਗ ਬਹਾਰ ਵਿੱਚ ਗਾਏ ਸ਼ਬਦ "ਕਲਿ ਤਾਰਣਿ ਗੁਰੂ ਨਾਨਕ ਆਇਆ" ਸ਼ਬਦ ਨੇ ਉਨ੍ਹਾਂ ਨੂੰ ਲੱਖਾਂ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਾ ਦਿੱਤਾ।

ਉਨ੍ਹਾਂ ਦੀ ਗਾਇਕੀ ਦੀ ਕਲਾ ਇਥੋਂ ਤੱਕ ਹੁਨਰਮਈ ਸੀ ਕਿ ਕਈ ਵਾਰ ਉਹ ਸ਼ਬਦ ਨੂੰ ਗਾਉਂਦੇ ਵਿੱਚੋਂ ਹੀ ਰਾਗ ਨੂੰ ਬਦਲ ਦਿੰਦੇ, ਪਰ ਸ਼ਬਦ ਦੀ ਨਿਰੰਤਰਤਾ ਨੂੰ ਭੰਗ ਨਹੀਂ ਸੀ ਹੋਣ ਦਿੰਦੇ। ਕਈ ਵਾਰ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿੱਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿੱਚ ਝੂੰਮਦਿਆਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਪਹੁ ਫੁਟਾਲਾ ਹੋ ਗਿਆ ਹੈ ਤਾਂ ਆਸਾ ਰਾਗ ਦੇ ਸੁਰ ਭੈਰਵ ਰਾਗ ਵਿੱਚ ਬਦਲ ਲੈਂਦੇ ਤੇ ਉਹੀ ਭੈਰਵ ਵਕਤ ਬਦਲਣ ਨਾਲ ਭੈਰਵੀ ਰੰਗ ਵਿੱਚ ਆ ਜਾਂਦਾ।

ਉਨ੍ਹਾਂ ਦੀ ਇੱਕ ਖੂਬੀ ਇਹ ਵੀ ਸੀ ਕਿ ਉਹ ਸ਼ਬਦ ਆਰੰਭ ਤੋਂ ਪਹਿਲਾਂ ਵਿਲੰਬਤ ਇੱਕ ਤਾਲ ਵਿੱਚ ਮੰਗਲਾਚਰਨ ਕਰਦੇ, ਜਿਸ ਰਾਹੀਂ ਰਾਗ ਦਾ ਸਰੂਪ ਸੁਤੇ-ਸਿੱਧ ਪ੍ਰਗਟ ਹੋ ਜਾਂਦਾ ਤੇ ਕੀਰਤਨ ਦਾ ਮਾਹੌਲ ਸਿਰਜਿਆ ਜਾਂਦਾ। ਆਪ ਖ਼ਿਆਲ ਗਾਇਕੀ ਤੋਂ ਇਲਾਵਾ ਧਰੁਪਦ-ਧਮਾਰ ਵੀ ਬੜੀ ਕੁਸ਼ਲਤਾ ਨਾਲ ਗਾ ਲੈਂਦੇ ਸਨ। ਕੀਰਤਨ ਗਾਇਨ ਕਰਦੇ ਸਮੇਂ ਸਰੀਰ ਦੀ ਅਡੋਲਤਾ ਤੇ ਚਿਹਰੇ ਦੀ ਦਿੱਖ ਵਿੱਚ ਕੋਈ ਬਦਲਾਵ ਨਾ ਲਿਆਉਂਦੇ।

ਉਨ੍ਹਾਂ ਦੀ ਕੀਰਤਨ ਸ਼ੈਲੀ ਦੀ ਵਿਲੱਖਣਤਾ ਇਸ ਪੱਖੋਂ ਵੀ ਮੰਨੀ ਜਾਂਦੀ ਸੀ ਕਿ ਉਹ ਵੱਡੇ ਤਾਲ ਨੌਂ, ਗਿਆਰਾਂ, ਤੇਰਾਂ, ਅਠਾਰਾਂ, ਆੜਾ, ਚੌਤਾਲਾ ਤੇ ਫਰੋਸਤ ਵਿੱਚੋਂ ਵੀ ਬੰਦਸ਼ਾਂ ਦਾ ਗਾਇਨ ਕਰਦੇ ਸਨ।

ਉਨ੍ਹਾਂ ਕੋਲ ਪੁਰਾਤਨ ਤੇ ਟਕਸਾਲੀ ਬੰਦਸ਼ਾਂ ਦਾ ਅਤੁੱਟ ਖ਼ਜ਼ਾਨਾ ਸੀ। ਜਿਨ੍ਹਾਂ ਨੂੰ ਗਾਉਣ ਲਈ ਸੁਰੀਲਾ ਕੰਠ, ਗਲੇ ਦੀ ਹਰਕਤ, ਤਾਨ ਦੀ ਸਫ਼ਾਈ, ਬੋਲ ਵੰਡ ਆਦਿ ਉਨ੍ਹਾਂ ਦੀ ਗਾਇਕੀ ਦੇ ਵਿਸ਼ੇਸ਼ ਗੁਣ ਸਨ, ਆਪ ਕੀਰਤਨ ਨੂੰ ਠੁਮਰੀ ਅੰਗ ਵਿੱਚ ਗਾਇਨ ਕਰਨ ਵਿੱਚ ਪ੍ਰਵੀਨ ਸਨ। ਆਪ ਇੱਕੋ ਹੀ ਸ਼ਬਦ ਨੂੰ ਵੱਖ-ਵੱਖ ਬਿਖੜੀਆਂ ਰੀਤਾਂ ਤੇ ਤਾਲਾਂ ਵਿੱਚ ਗਾਇਨ ਕਰਨ ਦੇ ਸਮਰੱਥ ਸਨ। ਕੀਰਤਨ ਸ਼ੈਲੀ ਦੇ ਨਾਲ-ਨਾਲ ਬਾਣੀ ਦੀ ਸੂਝ, ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਬਾਣੀ ਦੀ ਵਿਆਖਿਆ ਸੰਗਤਾਂ ਨੂੰ ਕੀਲ ਲੈਂਦੀ।

ਭਾਈ ਸਾਹਿਬ ਦੀ ਕੀਰਤਨ ਕਲਾ ਬਾਰੇ ਪ੍ਰੋ. ਰਣਜੀਤ ਸਿੰਘ ਜੋ ਖੁਦ ਉਚ ਕੋਟੀ ਦੇ ਤਬਲਾ ਵਾਦਕ ਹਨ ਇਕ ਘਟਨਾ ਬਿਆਨਦੇ ਹਨ-1960 ਦੀ ਘਟਨਾ ਹੈ ਕਿ ਸ. ਨਿਰਮਲ ਸਿੰਘ ਘੜੀਸਾਜ਼ ਦੇ ਘਰ ਕੀਰਤਨ ਸਮਾਗਮ 'ਤੇ ਭਾਈ ਸਾਹਿਬ ਜੀ ਆਏ ਸਨ ਇੱਥੇ ਸੰਗਤਾਂ ਦਾ ਅਥਾਹ ਇਕੱਠ ਸੀ। ਇਸ ਵਿੱਚ ਪਦਮਸ਼੍ਰੀ ਸ. ਸੋਹਣ ਸਿੰਘ, ਉਸਤਾਦ ਸਰਦਾਰ ਬਹਾਦਰ ਸਿੰਘ ਆਦਿਕ ਗੁਣੀ ਵਿਅਕਤੀ ਵੀ ਸੰਗਤਾਂ ਵਿੱਚ ਸੁਭਾਇਮਾਨ ਸਨ। ਭਾਈ ਸਾਹਿਬ ਨੇ ਡੰਡਉਤ ਕਰ ਕੇ ਕੀਰਤਨ ਆਰੰਭ ਕੀਤਾ। ਸ਼ਬਦ ਦੀ ਬੰਦਸ਼ ਝੂੰਮਰਾ ਤਾਲ ਵਿੱਚ ਸੀ। ਤਬਲੇ 'ਤੇ ਸੰਗਤ ਭਾਈ ਹਰਨਾਮ ਸਿੰਘ ਜੀ ਕਰ ਰਹੇ ਸਨ। ਐਸਾ ਸੁਰੀਲਾ ਵਾਤਾਵਰਣ ਬੱਝਿਆ ਕਿ ਸਰੋਤੇ ਕੀਰਤਨ ਦੇ ਰਸ ਵਿੱਚ ਮਸਤ ਹਨ। ਭਾਈ ਸਾਹਿਬ ਨੇ ਐਸਾ ਬਿਕਟ ਤਾਨ ਪਲਟਾ ਲਿਆ ਕਿ ਸੰਗਤ ਵਿੱਚ ਸੰਗੀਤ ਉਸਤਾਦ ਚੁਕੰਨੇ ਹੋ ਗਏ। ਲੱਗਦਾ ਸੀ ਭਾਈ ਸਾਹਿਬ ਬੇਤਾਲੇ ਹੋ ਜਾਣਗੇ ਤੇ ਫਿਰ ਸਮ ਨਹੀਂ ਪਕੜ ਸਕਣਗੇ। ਹੈਰਾਨੀ ਸਭ ਨੂੰ ਉਸ ਵਕਤ ਹੋਈ, ਜਦੋਂ ਪਲਟਾ ਮਾਰਦਿਆਂ ਫੁਰਤੀ ਨਾਲ ਭਾਈ ਸਾਹਿਬ ਨੇ ਝੂੰਮਰੇ ਦੀ ਬੰਦਸ਼ ਦਾ ਸੁਰ ਪਕੜ ਕੇ ਸਭ ਨੂੰ ਚਕ੍ਰਿਤ ਕਰ ਦਿੱਤਾ। ਭਾਈ ਸਾਹਿਬ ਦੇ ਗਲੇ ਵਿੱਚ ਰੀਤ ਤਾਨ ਦਾ ਏਨਾ ਸੁਚੱਜਾ ਵਹਾਓ ਸੀ ਕਿ ਸੁਣ ਕੇ ਵੱਡੇ ਵੱਡੇ ਗਾਇਕ ਆਪ-ਮੁਹਾਰੇ ਬੋਲ ਉਠਦੇ ਸਨ, "ਵਾਹ! ਭਾਈ ਸਮੁੰਦ ਸਿੰਘ! ਆਪ ਪਰ ਤੋਂ ਸਰਸਵਤੀ ਮਿਹਰਬਾਨ ਹੈ।" ਭਾਈ ਸਾਹਿਬ ਨਿਮਰਤਾ ਸਹਿਤ ਆਖਦੇ ਸਨ ਕਿ ਇਹ ਸਭ 'ਗੁਰੂ ਦੀ ਕ੍ਰਿਪਾ' ਹੈ।

ਇਕ ਵਾਰ ਜਦੋਂ ਪ੍ਰਸਿੱਧ ਲਿਖਾਰੀ ਐੱਸ.ਐੱਸ. ਅਮੋਲ ਨੇ ਭਾਈ ਸਾਹਿਬ ਜੀ ਤੋਂ ਪੁੱਛਿਆ, "ਕੀਰਤਨ ਦੇ ਸਰੋਤੇ ਆਮ ਤੌਰ 'ਤੇ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਆਉਂਦੀ। ਪਤਾ ਨਹੀਂ, ਤੁਹਾਡਾ ਕੀਰਤਨ ਕਿਵੇਂ ਸੰਗਤਾਂ ਨੂੰ ਖਿੱਚ ਪਾਉਂਦਾ ਹੈ।" ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਅਸਲ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਇਸ ਕਰਕੇ ਮਿੱਥੀ ਹੈ ਕਿ ਬਾਣੀ ਦੇ ਨਾਲ-ਨਾਲ ਜਦੋਂ ਰਾਗ ਤੇ ਰਾਗੀ ਦੀ ਸਰੋਦੀ ਆਵਾਜ਼ ਰਲ ਜਾਂਦੀ ਹੈ ਤਾਂ ਕਠੋਰ ਤੋਂ ਕਠੋਰ ਮਨ 'ਤੇ ਵੀ ਦੂਣਾ-ਤੀਣਾ ਅਸਰ ਕਰਦੀ ਹੈ।" ਇਸੇ ਮੁਲਾਕਾਤ ਵਿੱਚ ਉਹਨਾਂ ਨੇ ਆਪਣੇ ਕਲਾਸੀਕਲ ਸੰਗੀਤ ਦੀ ਕਲਾ ਅਤੇ ਕੀਰਤਨ ਦੇ ਸੁਮੇਲ ਬਾਰੇ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ-ਕੁਝ ਲੋਕ ਗਲਾ ਫੇਰਨ ਅਤੇ ਆਲਾਪ ਆਦਿ ਦਾ ਵਿਖਾਵਾ ਕਰਨ ਤੁਰ ਪੈਂਦੇ ਹਨ ਇਸ ਨਾਲ ਕਈ ਕੀਰਤਨ ਦੇ ਸਰੋਤਿਆਂ ਨੂੰ ਨਿਰਾਸਤਾ ਹੁੰਦੀ ਹੈ।--ਗਲਾ ਮੈਂ ਵੀ ਫੇਰਦਾ ਹਾਂ। ਤਾਨ, ਧਰੁਪਦ ਪੜਤਾਲ ਆਦਿ ਸਭ ਕੁਝ ਵਰਤਦਾ ਹਾਂ।ਪਰ ਮੇਰਾ ਗਲਾ ਫੇਰਨਾ ਜਾਂ ਸੰਗੀਤ ਕਲਾ ਦੇ ਹੋਰ ਅੰਗਾਂ ਦੀ ਵਰਤੋਂ ਕਰਨਾ ਕੀਰਤਨ ਦੇ ਰਸ ਨੂੰ ਵਧਾਉਣ ਲਈ ਹੁੰਦੇ ਹਨ।ਇਹ ਹੁਨਰ ਦਾ ਦਿਖਾਵਾ ਕਰਨ ਲਈ ਨਹੀਂ ਹੁੰਦੇ।ਸ਼ਬਦ ਕੀਰਤਨ ਕਰਦਿਆਂ ਇਹ ਪਤਾ ਹੀ ਨਹੀਂ ਲਗਦਾ ਕਿ ਮੈਂ ਸੰਗੀਤ ਕਲਾ ਦੇ ਇਹਨਾਂ ਅੰਗਾਂ ਦੀ ਵਰਤੋਂ ਕਰ ਗਿਆ ਹਾਂ।"

ਭਾਈ ਸਾਹਿਬ ਨੇ ਸਾਰੀ ਉਮਰ ਨੇਮ ਨਾਲ ਕੀਰਤਨ ਦੀ ਚੌਂਕੀ ਭਰੀ। ਕੀਰਤਨ ਸਮੇਂ ਉਹ ਇੰਨੇ ਵੈਰਾਗ ਤੇ ਵਜਦ ਵਿੱਚ ਆ ਜਾਂਦੇ ਕਿ ਉਹਨਾਂ ਦੇ ਨੇਤਰਾਂ ਵਿੱਚੋਂ ਜਲਧਾਰਾ ਵਹਿ ਤੁਰਦੀ। ਉਹਨਾਂ ਦੇ ਤਬਲੇ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਨੇ ਉਹਨਾਂ ਦੇ ਜੀਵਨ ਦੀ ਇੱਕ ਵਚਿੱਤਰ ਘਟਨਾ ਸੁਣਾਈ ਕਿ ਇੱਕ ਵਾਰ ਅਸੀਂ ਸ੍ਰੀ ਨਗਰ ਦੇ ਰੇਡੀਓ ਸਟੇਸ਼ਨ 'ਤੇ ਪ੍ਰੋਗਰਾਮ ਲਈ ਗਏ। ਸਾਰੇ ਸਾਜਿੰਦੇ ਆਪਣੇ ਆਪਣੇ ਸਾਜ਼ਾਂ ਨੂੰ ਸੁਰ ਕੇ ਤਿਆਰੀ ਵਿੱਚ ਸਨ ਕਿ ਇੱਕ ਸਾਜਿੰਦਾ ਵਾਦਕ ਜੋ ਮੁਸਲਮਾਨ ਸੀ, ਨੇ ਆਪਣੀ ਸਾਰੰਗੀ ਦੀਆਂ ਤਰਬਾਂ ਨੂੰ ਵੀ ਲਰਜਿਤ ਕਰ ਲਿਆ। ਜਦੋਂ ਭਾਈ ਸਾਹਿਬ ਨੇ ਸ਼ਬਦ ਸ਼ੁਰੂ ਕੀਤਾ ਤਾਂ ਐਸਾ ਬਿਖੜਾ ਮੁਖੜਾ ਫੜਿਆ ਕਿ ਸਾਰੰਗੀ ਵਾਦਕ ਦੇ ਹੱਥ ਉਥੇ ਹੀ ਰੁਕ ਗਏ ਤੇ ਉਹ ਸਾਰੰਗੀ ਛੱਡ ਕੇ ਭਾਈ ਸਾਹਿਬ ਦੇ ਚਿਹਰੇ ਵੱਲ ਟਿਕਟਿਕੀ ਲਗਾ ਕੇ ਵੇਖੀ ਗਿਆ। ਉਹ ਸਾਰੰਗੀ ਵਜਾਉਣਾ ਹੀ ਭੁੱਲ ਗਿਆ। ਉਹ ਆਪਣੀ ਸੁੱਧ-ਬੁੱਧ ਹੀ ਭੁਲਾ ਬੈਠਾ। ਉਹ ਸਾਰੰਗੀ ਵਾਦਕ ਨਾਲੇ ਭਾਈ ਸਾਹਿਬ ਦਾ ਚਿਹਰਾ ਵੇਖੀ ਜਾਵੇ ਤੇ ਨਾਲ ਤ੍ਰਿਪ ਤ੍ਰਿਪ ਹੰਝੂ ਕੇਰੀ ਜਾਵੇ। ਜਦੋਂ ਸ਼ਬਦ ਖ਼ਤਮ ਹੋਇਆ ਤਾਂ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਨੇ ਉਸ ਨੂੰ ਸਾਰੰਗੀ ਨਾਲ ਭਾਈ ਸਾਹਿਬ ਦਾ ਸਾਥ ਨਾ ਨਿਬਾਹੁਣ ਕਰ ਕੇ ਪੁੱਛਗਿੱਛ ਲਈ ਬੁਲਾ ਲਿਆ। ਸਾਰੇ ਇਕੱਠੇ ਹੋਏ ਕਲਾਕਾਰਾਂ ਨੇ ਜਦੋਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਤਾਂ ਅੱਜ ਅੱਲ੍ਹਾ ਦਾ ਨੂਰ ਹੀ ਤੱਕਦਾ ਰਿਹਾ, ਇਸ ਲਈ ਮੈਨੂੰ ਸਾਰੰਗੀ ਵਜਾਉਣੀ ਹੀ ਭੁੱਲ ਗਈ। ਇਸ ਵਿੱਚ ਮੇਰਾ ਕੋਈ ਕਸੂਰ ਨਹੀਂ।"

ਭਾਈ ਸਾਹਿਬ ਦੇ ਕੀਰਤਨ ਤੋਂ ਕੇਵਲ ਸਿੱਖ ਹੀ ਪ੍ਰਭਾਵਿਤ ਨਹੀਂ ਸੀ ਹੁੰਦੇ ਸਗੋਂ ਗੈਰ ਸਿੱਖ ਵੀ ਉਹਨਾਂ ਦੀ ਸੁਰੀਲੀ ਅਵਾਜ਼ ਦੇ ਕਾਇਲ ਹੋ ਜਾਂਦੇ ਸਨ। ਇੱਕ ਮੁਸਲਮਾਨ ਸਰੋਤੇ ਮੁਹੰਮਦ ਜ਼ਹੀਰ ਅਹਿਮਦ ਨੇ ਆਪਣੀ ਪਤਨੀ ਦੀ ਮਾਨਸਿਕ ਦਸ਼ਾ ਨੂੰ ਪ੍ਰਗਟ ਕਰਦੇ ਹੋਏ ਦਸਿਆ ਕਿ ਉਹ ਭਾਈ ਸਾਹਿਬ ਦੀ ਕੀਰਤਨ ਕਲਾ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਕਿਹਾ," ਜਦੋਂ ਵੀ ਮੈਂ ਰੇਡੀਓ ਤੋਂ ਭਾਈ ਸਮੁੰਦ ਸਿੰਘ ਦਾ ਕਲਾਮ ਸੁਣਦੀ ਹਾਂ ਤਾਂ ਮੈਂ ਸਭ ਕੁਝ ਭੁੱਲ ਜਾਂਦੀ ਹਾਂ। ਮੈਨੂੰ ਅੱਲਾ ਤਾਅਲਾ ਦਾ ਨੂਰ ਰੇਡੀਓ ਵਿੱਚ ਵਸਦਾ ਪ੍ਰਤੀਤ ਹੁੰਦਾ ਹੈ।" ਭਾਈ ਸਾਹਿਬ ਆਪਣੇ ਸਮੇਂ ਦੌਰਾਨ ਸੰਤਾਂ ਤੇ ਸੰਗਤਾਂ ਦੀਆਂ ਬਖ਼ਸ਼ਿਸ਼ਾਂ ਦੇ ਵਿਸ਼ੇਸ਼ ਤੌਰ 'ਤੇ ਪਾਤਰ ਰਹੇ।

ਸਾਰਾ ਜੀਵਨ ਆਪ ਨੇ ਸੰਤਾਂ ਦੀ ਸੰਗਤ ਕੀਤੀ ਤੇ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਸੰਤ ਸ਼ਾਮ ਸਿੰਘ, ਸੰਤ ਅਤਰ ਸਿੰਘ ਹੋਤੀ ਮਰਦਾਨ ਵਾਲੇ, ਸੰਤ ਸੰਗਤ ਸਿੰਘ ਕਮਾਲੀਏ ਵਾਲੇ, ਸੰਤ ਈਸ਼ਰ ਸਿੰਘ ਰਾੜੇ ਵਾਲੇ ਤੇ ਬਾਬਾ ਨੰਦ ਸਿੰਘ ਕਲੇਰਾਂ ਵਾਲੇ ਆਪ ਨੂੰ ਉਚੇਰੇ ਤੌਰ 'ਤੇ ਸੱਦਦੇ ਸਨ। ਆਧੁਨਿਕ ਪੰਜਾਬੀ ਸਾਹਿਤ ਦੇ ਨਿਰਮਾਤਾ ਭਾਈ ਵੀਰ ਸਿੰਘ ਜੀ ਤੇ ਪ੍ਰੋ. ਪੂਰਨ ਸਿੰਘ ਨਾਲ ਉਨ੍ਹਾਂ ਦੇ ਨਿੱਜੀ ਸੰਬੰਧ ਸਨ। ਐੱਸ.ਐੱਸ. ਅਮੋਲ ਉਨ੍ਹਾਂ ਦੇ ਵਿਸ਼ੇਸ਼ ਪ੍ਰਸੰਸਕ ਅਤੇ ਸਰੋਤਾ ਸਨ।ਹੋਰ ਵੀ ਬਹੁਤ ਸਾਰੇ ਵਿਦਵਾਨ ਭਾਈ ਸਾਹਿਬ ਦੀ ਜੀਵਨੀ ਅਤੇ ਕੀਰਤਨ ਕਲਾ ਦੀ ਪ੍ਰਸ਼ੰਸਾ ਕਰਦਿਆਂ ਨਹੀਂ ਸੀ ਥਕਦੇ।

ਭਾਈ ਸਾਹਿਬ ਦਾ ਜੀਵਨ ਆਦਰਸ਼ਕ ਕੀਤਰਨੀਏ ਵਾਲਾ ਜੀਵਨ ਸੀ। ਇਸ ਬਾਰੇ ਕਈ ਵਿਦਵਾਨਾਂ ਨੇ ਜ਼ਿਕਰ ਕੀਤਾ ਹੈ।ਅੰਦਰਰਾਸ਼ਟਰੀ ਪ੍ਰਸਿਧੀ ਵਾਲੇ ਡਾਕਟਰ ਜਸਵੰਤ ਸਿੰਘ ਨੇਕੀ 1980 ਦੇ ਲਗਭਗ ਚੰਡੀਗੜ੍ਹ ਪੀ ਜੀ ਆਈ ਡਾਇਰੈਕਟਰ ਬਣ ਕੇ ਆਏ ਤਾਂ ਮੇਰਾ ਉਹਨਾ ਨਾਲ ਮੇਲ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ ਰਾਹੀਂ ਹੋਇਆ।ਬਾਅਦ ਵਿੱਚ ਵਿਸਾਖੀ ਦੇ ਇੱਕ ਸਮਾਗਮ ਤੇ ਅਸੀਂ ਭੁਪਾਲ ਗਏ।ਮੇਰੇ ਰਾਗੀ ਜਥੇ ਨੇ ਉਥੇ ਕੀਰਤਨ ਕੀਤਾ ਅਤੇ ਨੇਕੀ ਜੀ ਨੇ ਲੈਕਚਰ ਦਿੱਤਾ। ਭੁਪਾਲ ਤੋਂ ਵਾਪਸੀ ਤੇ ਟਰੇਨ ਰਾਹੀਂ ਸਫਰ ਅਸੀਂ ਇੱਕਠਿਆਂ ਕੀਤਾ । ਉਸ ਸਮੇ ਉਹਨਾਂ ਨੇ ਮੈਨੂੰ ਕੀਰਤਨੀਆਂ ਬਾਰੇ ਆਪਣੇ ਬਾਰੇ ਕਈ ਕਮਾਲ ਦੀਆਂ ਗੱਲਾਂ ਸੁਣਾਈਆਂ।ਇਸੇ ਸਮੇਂ ਹੀ ਉਹਨਾਂ ਨੇ ਮੈਨੂੰ ਭਾਈ ਰਣਧੀਰ ਸਿੰਘ ਅਤੇ ਭਾਈ ਸਮੁੰਦ ਸਿੰਘ ਜੀ ਬਾਰੇ ਕਈ ਯਾਦਾਂ ਸਾਂਝੀਆਂ ਕੀਤੀਆਂ ਜੋ ਬਾਅਦ ਵਿੱਚ ਉਹਨਾਂ ਦੀ ਪੁਸਤਕ ਪੁਸਤਕ

'ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ' ਵਿੱਚ ਵੀ ਪੜ੍ਹਨ ਨੂੰ ਮਿਲੀਆਂ।ਡਾਕਟਰ ਨੇਕੀ ਭਾਈ ਸਮੁੰਦ ਸਿੰਘ ਜੀ ਦੀ ਸ਼ਰਧਾਲੂ ਬਿਰਤੀ ਅਤੇ ਕੀਰਤਨ ਪ੍ਰੇਮ ਬਾਰੇ ਲਿਖਦੇ ਹਨ–ਭਾਈ ਸਾਹਿਬ ਸਮੁੰਦ ਸਿੰਘ ਪੰਥ ਦੇ ਸੁਪ੍ਰਸਿੱਧ ਰਾਗੀ ਸਨ।ਬੜੇ ਸੁੱਚੇ ਜੀਵਨ ਵਾਲੇ ਸਨ। ਕੀਰਤਨ ਵੀ ਖੁੱਭ ਕੇ ਕਰਦੇ ਸਨ।

ਉਹਨਾਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣ ਦਾ ਸੰਕਲਪ ਬਣਾਇਆ।ਉਸ ਤੋਂ ਕੁਝ ਚਿਰ ਪਹਿਲਾਂ ਹੀ ਉਹ ਦਿਲ ਦਾ ਦੌਰਾ ਹੰਢਾ ਚੁੱਕੇ ਸਨ।ਇਸ ਲਈ ਘਰ ਦੇ ਜੀਅ ਉਹਨਾਂ ਦੇ ਇਸ ਸੰਕਲਪ ਤੋਂ ਚਿੰਤਾਤੁਰ ਸਨ।ਪਰ ਉਹ ਸਿਰੜੀ ਪੱਕੇ ਸਨ, ਆਪਣੇ ਹੱਠ ਤੇ ਡੱਟ ਗਏ।

ਸ੍ਰ. ਸ਼ਮਸ਼ੇਰ ਸਿੰਘ ਹੋਰਾਂ ਦਾ ਜਥਾ ਹੇਮਕੁੰਟ ਜਾਣਾ ਸੀ, ਆਪ ਉਸ ਜਥੇ ਵਿਚ ਆਪਣੇ ਸੰਗੀਆਂ ਸਮੇਤ ਸ਼ਾਮਲ ਹੋ ਗਏ।ਰਸਤੇ ਵਿੱਚ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਗਏ।ਵਾਹ ਵਾਹ ਰੰਗ ਬੰਨ੍ਹਿਆ।

ਗੋਬਿੰਦ ਧਾਮ ਤਕ ਬਿਨਾ ਕਿਸੇ ਤਕਲੀਫ ਦੇ ਪਹੁੰਚ ਗਏ।ਅੱਗੇ ਚੜ੍ਹਾਈ ਬੜੀ ਤਿੱਖੀ ਸੀ।ਜਥੇ ਨਾਲ ਜੋ ਡਾਕਟਰ ਸਨ, ਉਹਨਾਂ ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਅੱਗੇ ਨਾ ਜਾਣ, ਉਹਨਾਂ ਦਾ ਦਿਲ ਅੱਗੇ ਦੀ ਚੜਾਈ ਝੱਲ ਨਹੀਂ ਪਾਏਗਾ।ਨਾਲੇ ਜਿਉਂ ਜਿਉਂ ਉੱਪਰ ਜਾਓ ਵਾਯੂਮੰਡਲ ਵਿਚ ਅਕਸੀਜਨ ਘਟਦੀ ਜਾਂਦੀ ਹੈ ਤੇ ਦਿਲ ਦੇ ਮਰੀਜ਼ਾਂ ਲਈ ਹੋਰ ਵੀ ਤਕਲੀਫ ਦਾ ਕਾਰਣ ਬਣਦੀ ਹੈ।

ਪਰ ਭਾਈ ਸਾਹਿਬ ਨਾ ਮੰਨੇ। ਕਹਿਣ ਲੱਗੇ," ਵੱਧ ਤੋਂ ਵੱਧ ਮੈਂ ਮਰ ਜਾਵਾਂਗਾ ਨਾ।ਜੇ ਗੁਰੂ ਦੇ ਰਾਹ ਵਿੱਚ ਜਾਂਦਿਆਂ ਮਰ ਜਾਵਾਂ ਤਾਂ ਇਸ ਤੋਂ ਉੱਪਰ ਕਿਹੜੀ ਖੁਸ਼ਕਿਸਮਤੀ ਹੋ ਸਕਦੀ ਹੈ?" ਡਾਕਟਰ ਲੋਕ ਨਿਰੁੱਤਰ ਹੋ ਗਏ।

ਅਗਲੇ ਦਿਨ ਸੰਗਤਾਂ ਨੇ ਸਵੇਰੇ 5 ਵਜੇ ਗੋਬਿੰਦ ਧਾਮ ਤੋਂ ਸ੍ਰੀ ਹੇਮ ਕੁੰਟ ਸਾਹਿਬ ਵਾਸਤੇ ਚਾਲੇ ਪਾਉਣੇ ਸਨ।ਭਾਈ ਸਾਹਿਬ ਚਾਰ ਵਜੇ ਹੀ ਤਿਆਰ ਹੋ ਗਏ ਤੇ ਆਪਣੇ ਕੀਰਤਨੀ ਜੱਥੇ ਦੇ ਦੂਜੇ ਦੋਨਾਂ ਜੀਆਂ ਨੂੰ ਵੀ ਤਿਆਰ ਕਰਵਾ ਲਿਆ ਤੇ ਉਹਨਾਂ ਸਮੇਤ ਚਾਰ ਵਜੇ ਹੀ ਨਿਕਲ ਪਏ, ਮਤੇ ਸੰਗਤਾਂ ਜਾਂ ਡਾਕਟਰ ਉਹਨਾਂ ਨੂੰ ਰੋਕਣ ਦਾ ਜਤਨ ਕਰਨ।
ਨਾਲੇ ਤੁਰੀ ਗਏ,ਨਾਲੇ ਸਿਮਰਨ ਕਰਦੇ ਗਏ।ਆਖਰ ਸੰਗਤਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਸ੍ਰੀ ਹੇਮਕੁੰਟ ਸਾਹਿਬ ਅੱਪੜ ਗਏ। ਸਾਥੀਆਂ ਨੇ ਵੇਖਿਆ, ਆਪ ਦਾ ਰੰਗ ਨੀਲਾ ਪੈ ਗਿਆ ਹੈ। ਉਹਨਾਂ ਭਾਈ ਸਾਹਿਬ ਨੂੰ ਲਿਟਾਇਆ ਤੇ ਹੱਥ ਪੈਰ ਝਸੇ। ਪੰਜਾਂ ਕੁ ਮਿੰਟਾਂ ਬਾਦ ਭਾਈ ਸਾਹਿਬ ਸਾਵਧਾਨ ਹੋ ਕੇ ਉਠ ਖਲੋਤੇ। ਕਪੜੇ ਉਤਾਰੇ ਤੇ ਸਰੋਵਰ ਵਿਚ ਅਸ਼ਨਾਨ ਕੀਤਾ। ਫਿਰ ਤਾਜ਼ਾ ਕਪੜੇ ਪਹਿਨੇ ਤੇ ਸੰਗੀਆਂ ਨੂੰ ਚਲੋ ਗੁਰਦੁਆਰਾ ਸਾਹਿਬ ਪਹੁੰਚੀਏ ਤੇ ਕੀਰਤਨ ਅਰੰਭ ਕਰੀਏ।

ਝਬਦੇ ਹੀ ਗੁਰਦੁਆਰਾ ਸਾਹਿਬ ਪਹੁੰਚ ਗਏ। ਮੱਥਾ ਟੇਕਿਆ ਤੇ ਗੁਰੂ ਦੀ ਹਜ਼ੂਰੀ ਚਉਕੜੀ ਮਾਰ ਕੇ ਬੈਠ ਗਏ। ਸ਼ਬਦ ਲਾਇਆ–

ਧੰਨ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ। (ਪੰ 96)

ਇਤਨਾ ਭਿੱਜ ਕੇ ਕੀਰਤਨ ਕੀਤਾ ਕਿ ਨਾਲੇ ਨਾਲ ਗਾਈ ਜਾਣ ਤੇ ਨਾਲੇ ਨਾਲ ਰੋਈ ਜਾਣ।

ਜਦ ਸੰਗਤਾਂ ਪਹੁੰਚੀਆਂ ਤਾਂ ਉਹ ਵੇਖ ਕੇ ਹੈਰਾਨ ਹੋ ਗਈਆਂ ਕਿ ਭਾਈ ਸਾਹਿਬ ਉਹਨਾਂ ਤੋਂ ਪਹਿਲਾਂ ਪਹੁੰਚ ਵੀ ਗਏ ਸਨ ਤੇ ਕੀਰਤਨ ਵੀ ਕਰ ਰਹੇ ਸਨ।

ਭਾਈ ਸਾਹਿਬ ਦੇ ਨੈਣਾਂ 'ਚੋਂ ਝਰਨੇ ਫੁੱਟਦੇ ਵੇਖ, ਸੰਗਤਾਂ ਦੇ ਨੇਤਰ ਵੀ ਸੇਜਲ ਹੋ ਗਏ।"

ਡਾਕਟਰ ਨੇਕੀ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ ਹਨ।ਉਹਨਾਂ ਨੇ ਵਿਦਿਆਰਥੀਆਂ ਦਾ ਕੈਂਪ ਲਗਾਉਣਾ ਸੀ ਜਿਸ ਲਈ ਮਾਇਆ ਦੀ ਲੋੜ ਸੀ।ਇੱਕ ਗੁਰਦੁਆਰਾ ਸਾਹਿਬ ਵਿਖੇ ਭਾਈ ਸਮੁੰਦ ਸਿੰਘ ਜੀ ਨੇ ਕੀਰਤਨ ਕਰਨਾ ਸੀ।ਉਸ ਤੋਂ ਪਹਿਲਾਂ ਨੇਕੀ ਜੀ ਨੇ ਸੰਗਤਾਂ ਅੱਗੇ ਮਾਇਆ ਲਈ ਅਪੀਲ ਕਰ ਦਿੱਤੀ। ਭਾਈ ਸਮੁੰਦ ਸਿੰਘ ਜੀ ਨੇ ਆਪਣੇ ਵੱਲੋਂ 51 ਰੁਪਏ ਭੇਟ ਕਰਦਿਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੱਜ ਦੀ ਸਾਰੀ ਭੇਟਾ ਇਸ ਕਾਰਜ ਲਈ ਹੋਵੇਗੀ।ਨਾਲ ਹੀ ਜਿਤਨੇ ਦਿਨ ਕੈਂਪ ਲੱਗੇਗਾ ਅਸੀਂ ਸਵੇਰੇ ਸ਼ਾਮ ਕੀਰਤਨ ਕਰਾਂਗੇ। ਇਹ ਸੁਣ ਕੇ ਸੰਗਤਾਂ ਨੇ ਮਾਇਆ ਦਾ ਢੇਰ ਲਾ ਦਿੱਤਾ।ਭਾਈ ਸਾਹਿਬ ਨੂੰ ਵਾਹਿਗੁਰੂ ਤੇ ਪੂਰਨ ਭਰੋਸਾ ਸੀ। ਉਹਨਾਂ ਸਾਰੀ ਉਮਰ ਇਸ ਭਰੋਸੇ ਨੂੰ ਕਾਇਮ ਰੱਖਿਆ।

ਇੱਕ ਹੋਰ ਥਾਂ ਨੇਕੀ ਸਾਹਿਬ ਭਾਈ ਸਾਹਿਬ ਨਾਲ ਆਪਣੀ ਗੱਲ ਬਾਤ ਦਾ ਜ਼ਿਕਰ ਕਰਦਿਆਂ ਲਿਖਦੇ ਹਨ– ਭਾਈ ਸਾਹਿਬ ਸਮੁੰਦ ਸਿੰਘ ਜੀ ਬੜੇ ਉਚੇ ਜੀਵਨ ਵਾਲੇ ਰਾਗੀ ਸਨ।ਮੈਨੂੰ ਬੜਾ ਪਿਆਰ ਕਰਦੇ ਸਨ।ਇਕ ਦਿਨ ਮੈਂ ਉਨ੍ਹਾਂ ਨੂੰ ਪੁਛ ਬੈਠਾ," ਭਾਈ ਸਾਹਿਬ ਜੀ, ਜੋ ਸ਼ਬਦ–ਭੇਟਾ ਆਪ ਨੂੰ ਪ੍ਰਾਪਤ ਹੁੰਦੀ ਹੈ, ਉਸ ਵਿੱਚ ਆਪ ਦਾ ਤੇ ਆਪ ਦੇ ਪਰਿਵਾਰ ਦਾ ਨਿਰਬਾਹ ਠੀਕ ਹੋ ਜਾਂਦੈ?"

***(ਚਲਦਾ... ਬਾਕੀ ਅਗਸਤ, 2019 ਅੰਕ ਵਿਚ ਛਾਪਿਆ ਜਾਵੇਗਾ ਜੀ)***

# ਗੁਰਮਤਿ ਸੰਗੀਤ ਵਿਚ ਰਾਗ ਬਿਲਾਵਲ

*ਗੁਰਨਾਮ ਸਿੰਘ (ਡਾ.)

ਬਿਲਾਵਲ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਸੋਲਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ। ਇਹ ਰਾਗ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮੁਖ ਤੇ ਪ੍ਰਸਿੱਧ ਰਾਗ ਹੈ। ਬਿਲਾਵਲ ਦੇ ਸ਼ਾਬਦਿਕ ਅਰਥ ਖੁਸ਼ੀ, ਪ੍ਰਸੰਨਤਾ ਅਤੇ ਮੰਗਲ ਮੰਨੇ ਗਏ ਹਨ। ਇਸ ਰਾਗ ਵਿੱਚ ਸਮੂਹ ਗੁਰੂ ਸਾਹਿਬਾਨ ਨੇ ਬਾਣੀ ਉਚਾਰੀ ਹੈ, ਜਿਸ ਤੋਂ ਇਸ ਰਾਗ ਦਾ ਭਰਪੂਰ ਪ੍ਰਚਲਨ ਤੇ ਲੋਕਪ੍ਰਿਯਤਾ ਪ੍ਰਤੱਖ ਹੈ। ਬਿਲਾਵਲ ਰਾਗ ਦੀ ਮਹੱਤਵ ਸਬੰਧੀ ਗੁਰੂ ਅਮਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੮੪੯ 'ਤੇ ਇਸ ਰਾਗ ਸਬੰਧੀ ਫੁਰਮਾਇਆ ਹੈ ਕਿ ਬਿਲਾਵਲੁ ਰਾਗ ਉਦੋਂ ਹੀ ਗਾਉਣਾ ਚਾਹੀਦਾ ਹੈ ਜਦੋਂ ਮੁਖ 'ਤੇ ਪਰਮੇਸ਼ਰ ਨਾਮ ਹੋਵੇ। ਗੁਰੂ ਰਾਮਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਇਸ ਰਾਗ ਸਬੰਧੀ ਉਲੇਖ ਕੀਤਾ ਹੈ ਕਿ ਬਿਲਾਵਲ ਰਾਗ ਦਾ ਗਾਇਨ ਦੁਆਰਾ ਉਸ ਸਰਵਉੱਚ ਹਰੀ ਪ੍ਰਭੂ ਦੀ ਸਿਫਤ-ਸਲਾਹ ਕਰਨੀ ਚਾਹੀਦੀ ਹੈ।

ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਵਿਚ 'ਵੇਲਾਵਲੀ' ਦਾ ਉਲੇਖ ਪ੍ਰਾਪਤ ਹੁੰਦਾ ਹੈ। ਬਿਲਾਵਲ ਰਾਗ ਦਾ ਉਲੇਖ ਮੱਧ ਕਾਲ ਦੇ ਗ੍ਰੰਥਾਂ ਵਿਚ ਅਕਸਰ ਮਿਲਦਾ ਹੈ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਇਸ ਦਾ ਨਾਂ 'ਵੇਲਾਵਲੀ', 'ਵਿਲਾਵਲੀ', 'ਬਿਲਾਵਲੀ' ਆਦਿ ਵੀ ਮਿਲਦਾ ਹੈ। ਕੁਝ ਸੰਗੀਤਕਾਰ ਵਿਦਵਾਨ ਇਸ ਨੂੰ ਰਾਗ ਰਾਗਣੀ ਪੱਧਤੀ ਅਨੁਸਾਰ ਰਾਗਣੀ ਮੰਨਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਰਾਗ ਬਿਲਾਵਲ' ਦੇ ਨਾਂ ਨਾਲ ਹੀ ਅੰਕਿਤ ਕੀਤਾ ਗਿਆ ਹੈ।

ਰਾਗ ਬਿਲਾਵਲ ਥਾਟ ਬਿਲਾਵਲ ਦਾ ਆਸ਼ਰਿਯ ਰਾਗ ਹੈ। ਇਹ ਸ਼ੁੱਧ ਸੁਰਾਂ ਦਾ ਰਾਗ ਹੈ ਪਰ ਕਈ ਵਾਰ ਧੈਵਤ ਸੁਰ ਦੇ ਸੰਯੋਗ ਨਾਲ ਕੋਮਲ ਨਿਸ਼ਾਦ ਅਲਪ ਕਣ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਕੁਝ ਸੰਗੀਤ ਵਿਦਵਾਨ ਇਸ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ। ਬਿਲਾਵਲ ਰਾਗ ਵਿਚ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੋਣ ਕਾਰਨ ਇਸ ਨੂੰ ਉਤਰਾਂਗਵਾਦੀ ਰਾਗ ਮੰਨਿਆ ਜਾਂਦਾ ਹੈ। ਕੁਝ ਵਿਦਵਾਨ ਇਸ ਰਾਗ ਦੀ ਜਾਤੀ ਸੰਪੂਰਨ, ਕੁਝ ਸ਼ਾੜਵ-ਸੰਪੂਰਨ ਅਤੇ ਕੁਝ ਸ਼ਾੜਵ-ਵਕਰ ਸੰਪੂਰਨ ਮੰਨਦੇ ਹਨ। ਇਸ ਰਾਗ ਦੇ ਆਰੋਹ ਵਿਚ ਮਧਿਅਮ ਸੁਰ ਆਮ ਤੌਰ ਤੇ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਵਕਰ ਰੂਪ ਨਾਲ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸੇ ਕਰਕੇ ਇਸ ਦੀ ਜਾਤੀ ਸ਼ਾੜਵ-ਵਕਰ ਸੰਪੂਰਨ ਮੰਨਣਾ ਉਚਿਤ ਹੋਵੇਗਾ। ਇਹ ਇਕ ਸੁਤੰਤਰ ਰਾਗ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਗੰਧਾਰ, ਮਧਿਅਮ ਧੈਵਤ, ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ, ਪੰਚਮ, ਮਧਿਅਮ ਗੰਧਾਰ, ਰਿਸ਼ਭ ਸ਼ੜਜ ਹੈ।

ਬਿਲਾਵਲ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਦੋ ਅਸ਼ਟਪਦੀਆਂ ਅਤੇ ਥਿਤੀ; ਗੁਰੂ ਅਮਰਦਾਸ ਜੀ ਦੇ ਛੇ ਪਦੇ, ਨੌਂ ਅਸ਼ਟਪਦੀਆਂ, ਦੋ ਵਾਰਸਤ ਬਾਣੀ ਰੂਪ; ਗੁਰੂ ਰਾਮਦਾਸ ਜੀ ਦੇ ਸੱਤ ਪਦੇ, ਛੇ ਅਸ਼ਟਪਦੀਆਂ, ਦੋ ਛੰਤ, ਇੱਕ ਵਾਰ, ਇੱਕ ਪੜਤਾਲ, ਗੁਰੂ ਅਰਜਨ ਦੇਵ ਜੀ 129 ਪਦੇ, ਦੋ ਅਸ਼ਟਪਦੀਆਂ, ਤਿੰਨ ਛੰਤ, ਦੋ ਪੜਤਾਲ; ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਪਦੇ, ਦਰਜ ਹਨ। ਗੁਰੂ ਸਹਿਬਾਨ ਤੋਂ ਇਲਾਵਾ ਭਗਤ ਕਬੀਰ ਜੀ ਦੇ ਬਾਰਾਂ; ਭਗਤ ਨਾਮਦੇਵ ਜੀ ਦਾ ਇਕ; ਭਗਤ ਰਵਿਦਾਸ ਜੀ ਦੇ ਦੋ ਅਤੇ ਭਗਤ ਸਧਨਾ ਜੀ ਦਾ ਇੱਕ ਸਬਦ ਇਸ ਰਾਗ ਅਧੀਨ ਅੰਕਿਤ ਹੈ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਦੂਸਰੇ ਪਹਿਰ ਤੋਂ ਬਿਲਾਵਲ ਦੀ ਚੌਕੀ ਦਾ ਆਰੰਭ ਹੁੰਦਾ ਹੈ ਅਤੇ ਕ੍ਰਮਵਾਰ ਬਿਲਾਵਲ ਦੇ ਨਾਮ ਹੇਠ ਸਭ ਤੋਂ ਵੱਧ ਚਾਰ ਚੌਕੀਆਂ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਬਿਲਾਵਲ ਅਤੇ ਇਸ ਸਮੇਂ ਦੇ ਹੋਰ ਰਾਗਾਂ ਦਾ ਗਾਇਨ ਕੀਤਾ ਜਾਂਦਾ ਹੈ।'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਇਸ ਰਾਗ ਨੂੰ ਦੂਸਰੇ ਪਹਿਰ ਦੇ ਨਾਲ-ਨਾਲ ਅਨੰਦ ਮੰਗਲ ਵੇਲੇ ਗਾਉਣ ਦੀ ਰੀਤ ਦਰਸਾਈ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲ ਦੇ ਅਧੀਨ ਬਿਲਾਵਲ ਦੱਖਣੀ ਨੂੰ ਇੱਕ ਰਾਗ ਵਜੋਂ ਅੰਕਿਤ ਕੀਤਾ ਗਿਆ ਹੈ। ਆਧੁਨਿਕ ਦੱਖਣੀ ਭਾਰਤੀ ਸੰਗੀਤ ਵਿਚ ਇਸ ਰਾਗ ਨੂੰ 'ਬੇਲਾਵਲੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲ ਦਖਣੀ ਅਧੀਨ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਛੰਤ ਪੰਨਾ ੮੪੩ ਉਪਰ 'ਬਿਲਾਵਲ ਮਹਲਾ ੧ ਛੰਤ ਦਖਣੀ' ਦੇ ਸਿਰਲੇਖ ਅਧੀਨ ਆਉਂਦਾ ਹੈ। ਇਹ ਰਾਗ ਦੋਨਾਂ ਸੰਗੀਤ ਪੱਧਤੀਆਂ ਵਿਚ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। 'ਸਵਰਮੇਲ ਕਲਾਨਿਧੀ ' ਗ੍ਰੰਥ ਵਿਚ ਬਿਲਾਵਲ ਦਖਣੀ ਦਾ ਉਲੇਖ ਮਿਲਦਾ ਹੈ। ਰਾਮਾਮਾਤਯ ਦੇ ਇਸ ਗ੍ਰੰਥ ਅਨੁਸਾਰ ਇਸ ਰਾਗ ਦੀ ਜਾਤੀ ਸੰਪੂਰਨ ਮੰਨੀ ਹੈ। ਇਸ ਦਾ ਨਿਆਸ ਦਾ ਸੁਰ ਤੇ ਗ੍ਰਹਿ ਸੁਰ ਧੈਵਤ ਹੈ ਅਤੇ ਗਾਇਨ ਸਮਾਂ ਸਵੇਰ ਦਾ ਹੈ। ਕੁਝ ਸੰਗੀਤਕਾਰ ਇਸ ਰਾਗ ਵਿਚ ਸੁਰ ਰਿਸ਼ਭ ਤੇ ਪੰਚਮ ਵਰਜਿਤ ਮੰਨਦੇ

ਹਨ। ਰਾਗ ਬਿਲਾਵਲ ਦਖਣੀ ਦੇ ਦੋ ਸਰੂਪ ਪ੍ਰਚਾਰ ਵਿਚ ਹਨ। ਪਹਿਲਾ ਸਰੂਪ ਅਧੁਨਿਕ ਦਖਣੀ ਭਾਰਤੀ ਸੰਗੀਤ ਵਿਚ ਰਾਗ ਵੇਲਾਵਲੀ ਦੇ ਨਾਮ ਨਾਲ ਜਾਨਿਆ ਜਾਂਦਾ ਹੈ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਹਨ। ਅਵਰੋਹ ਸੰਪੂਰਨ ਹੋਣ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਸੁਰ ਰਿਸ਼ਭ ਹੈ। ਇਹ ਰਾਗ ਦਿਨ ਦੇ ਪਹਿਲੇ ਪਹਿਰ ਗਾਇਆ ਵਜਾਇਆ ਜਾਂਦਾ ਹੈ। ਦੂਜਾ ਸਰੂਪ ਰਾਗ ਨਿਰਣਾਇਕ ਕਮੇਟੀ ਦੁਆਰਾ ਇਸ ਤਰਾਂ ਪ੍ਰਵਾਨਿਆ ਗਿਆ ਹੈ:- ਜਿਸ ਵਿਚ ਇਸ ਦਾ ਗੰਧਾਰ ਕੋਮਲ ਤੇ ਬਾਕੀ ਸੁਰ ਸ਼ੁੱਧ ਮੰਨੇ ਗਏ ਹਨ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹੋਣ ਕਾਰਨ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਸੁਰ ਪੰਚਮ ਹੈ। ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਗਾਇਆ ਵਜਾਇਆ ਜਾਂਦਾ ਹੈ।

ਰਾਗ ਬਿਲਾਵਲ ਦੇ ਅਧੀਨ ਇਕ ਹੋਰ ਰਾਗ ਬਿਲਾਵਲੁ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੮੪੪ ’ਤੇ ਦਰਜ ਹੈ। ਇਸ ਰਾਗ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਦਰਜ ਹੈ। ਜਿਸ ਦਾ ਸਿਰਲੇਖ ਕ੍ਰਮਵਾਰ ‘ਛੰਤ ਬਿਲਾਵਲ ਮਹਲਾ ੪ ਮੰਗਲ’ ਅਤੇ ‘ਬਿਲਾਵਲ ਮਹਲਾ ੫ ਛੰਤ ਮੰਗਲ’ ਦਰਜ ਹੈ। ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਤਾਰਾ ਸਿੰਘ ਇਸ ਨੂੰ ਸੁਤੰਤਰ ਰਾਗ ਵਜੋਂ ਸਥਾਪਤ ਕਰਦੇ ਹੋਏ ਸ੍ਰੀ ਸਰਬਲੋਹ ਗ੍ਰੰਥ ਵਿਚੋਂ ਇਸ ਦੀ ਉਦਾਹਰਣ ਦਿੰਦੇ ਹਨ। ਇਸ ਤਰਾਂ ਬਿਲਾਵਲ ਮੰਗਲ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ ਜੋ ਕਿ ਦੋ ਵਿਭਿੰਨ ਰਾਗਾਂ ਬਿਲਾਵਲ ਅਤੇ ਮੰਗਲ ਦਾ ਸੁਮੇਲ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਛੰਤ ਅੰਕਿਤ ਹਨ। ਕੁਝ ਵਿਦਵਾਨ ਸੰਕੇਤ ਮੰਗਲ ਦਾ ਅਰਥ ਖੁਸ਼ੀ ਦਾ ਗੀਤ ਸਮਝਦੇ ਹਨ। ਸੰਗੀਤ ਦੀ ਇਕ ਪ੍ਰਸਿੱਧ ਪੁਸਤਕ ‘ਸਵਰਤਾਲ ਸਮੂਹ’ ਦੇ ਪੰਨਾ 113 ’ਤੇ ਬਿਲਾਵਲ ਰਾਗ ਦੇ 15 ਪ੍ਰਕਾਰਾਂ ਦਾ ਉਲੇਖ ਮਿਲਦਾ ਹੈ ਜਿਨ੍ਹਾਂ ਵਿਚ ਇਕ ਪ੍ਰਕਾਰ ਮੰਗਲ ਬਿਲਾਵਲ ਦਾ ਵੀ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮੰਗਲ ਜਾਂ ਮੰਗਲਨ ਰਾਗ ਪ੍ਰਾਚੀਨ ਅਤੇ ਅਪ੍ਰਚਲਿਤ ਰਾਗ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਰਾਗ ਬਿਲਾਵਲ ਨਾਲ ਸੁਮੇਲ ਕਰਕੇ ਗੁਰਬਾਣੀ ਉਪੇਦਸ਼ਾਂ ਦੇ ਪ੍ਰਚਾਰ ਹਿੱਤ ਗਾਇਨ ਲਈ ਵਰਤਿਆ। ਗੁਰਮਤਿ ਸੰਗੀਤ ਪਰੰਪਰਾ ਵਿਚ ਇਹ ਰਾਗ ਆਪਣੇ ਸੁਤੰਤਰ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਦਾ ਸ਼ਾਸਤਰਾਤਮਕ ਅਤੇ ਸਰਬਪ੍ਰਵਾਣਿਤ ਸਰੂਪ ਇਸ ਪ੍ਰਕਾਰ ਹੈ। ਰਾਗ ਬਿਲਾਵਲ ਮੰਗਲ ਥਾਟ ਬਿਲਾਵਲ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਸੁਰ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਰਾਗ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਜਾਂਦੀ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਜਾਂਦਾ ਹੈ। ਇਸ ਰਾਗ ਨੂੰ ਦਿਨ ਦੇ ਪਹਿਲੇ ਪਹਿਰ ਗਾਇਆ ਵਜਾਇਆ ਜਾਂਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਿਲਾਵਲ ਦੇ ਪੁਰਾਤਨ ਚਿਤਰ ਉਪਲਬਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ ’ਤੇ ਆਧਾਰਿਤ ਬਿਲਾਵਲ ਰਾਗ ਦਾ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਇਆ ਸੀ, ਜਿਸ ’ਤੇ ਬਿਲਾਵਲ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਸ ਰਾਗ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਬਿਲਾਵਲ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org, www.sikhsangeet.com,** ਅਤੇ **www.jawaditaksal.org.** ਵੈਬ ਸਾਈਟਸ ’ਤੇ ਸੁਣ ਸਕਦੇ ਹਾਂ।

*ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੁਸਤਕ ਰੀਵਿਊ :

# ਗੁਰਮਤਿ ਸੰਗੀਤ ਦਰਪਣ (ਭਾਗ ਤੀਜਾ)

ਲੇਖਕ : ਪ੍ਰੋ. ਕਰਤਾਰ ਸਿੰਘ
ਪ੍ਰਕਾਸ਼ਕ : ਧਰਮ ਪ੍ਰਚਾਰ ਕਮੇਟੀ(ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ : ਜੂਨ, 2010 ,
ਪੰਨੇ : 475.

**ਗੁਰਮਤਿ ਸੰਗੀਤ ਦੇ ਵਿਖਿਆਤ ਵਿਦਵਾਨ ਪ੍ਰੋ. ਕਰਤਾਰ ਸਿੰਘ ਦੁਆਰਾ ਲਿਖਿਤ ਹੱਥਲੀ ਪੁਸਤਕ ਗੁਰਮਤਿ ਸੰਗੀਤ ਦਰਪਣ (ਭਾਗ ਤੀਜਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਨਾਲ ਸਬੰਧਿਤ ਪੁਸਤਕ ਲੜੀ ਦੀ ਤੀਜੀ ਪੁਸਤਕ ਹੈ। ਗੁਰਮਤਿ ਸੰਗੀਤ ਦੇ ਗਿਆਤਾ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗ-ਬੱਧ ਹੈ, ਜਿਸ ਵਿਚ 31 ਮੁਖ ਰਾਗਾਂ ਦੇ ਨਾਲ ਨਾਲ 31 ਰਾਗ ਪ੍ਰਕਾਰ ਜਾਂ ਮਿਸ਼ਰਤ ਰਾਗ ਵੀ ਹਨ।ਇਹ ਪੁਸਤਕ ਇਨ੍ਹਾਂ ਮਿਸ਼ਰਤ ਰਾਗਾਂ ਤੇ ਰਾਗ ਪ੍ਰਕਾਰਾਂ ਦੇ ਅਧਿਐਨ ਨਾਲ ਹੀ ਸਰੋਕਾਰ ਰੱਖਦੀ ਹੈ।**

**ਲੇਖਕ ਨੇ ਇਸ ਪਸਤਕ ਵਿਚ ਅਧਿਐਨ ਅਧੀਨ ਰਾਗਾਂ ਨੂੰ ਆਪਣੇ ਤੌਰ ਤੇ ਤਰਤੀਬ-ਬੱਧ ਕਰਦਿਆਂ ਇਨ੍ਹਾਂ ਰਾਗਾਂ ਦੀ ਮਿਸ਼ਰਤ ਰਾਗ, ਰਾਗ ਪ੍ਰਕਾਰ, ਦੱਖਣੀ ਰਾਗ ਅਤੇ ਸੁਤੰਤਰ ਰਾਗ ਵਜੋਂ ਵੰਡ ਕੀਤੀ ਹੈ। ਪੁਸਤਕ ਕਰਤਾ ਨੇ ਇਨ੍ਹਾਂ ਰਾਗਾਂ ਦੀ ਕੁਲ ਗਿਣਤੀ 32 ਮੰਨੀ ਹੈ, ਕਿਉਂਕਿ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 409 ਤੋਂ 411 ਤਕ ਦੇ 7 ਸ਼ਬਦਾਂ ਨੂੰ ਮਿਸ਼ਰਿਤ ਰਾਗ 'ਆਸਾ ਆਸਾਵਰੀ' ਦੇ ਅੰਤਰਗਤ ਮੰਨਿਆ ਹੈ ਅਤੇ ਵੱਖਰੇ ਮਿਸ਼ਰਿਤ ਰਾਗ ਵਜੋਂ ਇਸ ਰਾਗ ਦਾ ਸਰੂਪ ਨਿਰਧਾਰਿਤ ਕੀਤਾ ਹੈ।ਨਾਲ ਹੀ ਉਪਰੋਕਤ ਸਾਰੇ ਸ਼ਬਦਾਂ ਨੂੰ ਰਾਗ ਆਸਾ ਆਸਾਵਰੀ ਦੇ ਅੰਤਰਗਤ ਗਾਏ ਜਾਣ ਦਾ ਪੱਖ ਪੂਰਦਿਆਂ ਤਿੰਨ ਸ਼ਬਦਾਂ ਨੂੰ ਰੀਤ-ਬੱਧ ਤੇ ਸੁਰਲਿਪੀ ਬੱਧ ਕੀਤਾ ਹੈ। ਹਾਲਾਂ ਕਿ ਇਨ੍ਹਾਂ ਸ਼ਬਦਾਂ ਵਿਚੋਂ ਕੇਵਲ ਪਹਿਲੇ ਸ਼ਬਦ ਦਾ ਸਿਰਲੇਖ ਹੈ : ਰਾਗ ਆਸਾ ਮਹਲਾ ੫ ਘਰ ੧੭ ਆਸਾਵਰੀ ੧ੴ ਸਤਿਗੁਰ ਪ੍ਰਸਾਦਿ॥ ਅਤੇ ਬਾਕੀ 6 ਸ਼ਬਦਾਂ ਦਾ ਸਿਰਲੇਖ 'ਰਾਗ ਆਸਾਵਰੀ' ਹੀ ਹੈ। ਸਾਡੀ ਜਾਚੇ ਇਹ ਸ਼ਬਦ ਰਾਗ ਆਸਾ ਦੇ ਰਾਗ ਪ੍ਰਕਾਰ ਆਸਾਵਰੀ ਦੇ ਅੰਤਰਗਤ ਗਾਏ ਜਾਣੇ ਚਾਹੀਦੇ ਹਨ। ਪੁਸਤਕ ਦੇ ਪੰਨਾ 181 'ਤੇ ਲੇਖਕ ਨੇ ਆਪ ਵੀ ਉਪ੍ਰੋਕਤ 'ਆਸਾ ਆਸਾਵਰੀ ' ਵਾਲੇ ਸ਼ਬਦ ਨੂੰ ਪੜਤਾਲ ਗਾਇਨ-ਸ਼ੈਲੀ ਵਿਚ ਮੁੜ ਨਿਬੱਧ ਕਰਦਿਆਂ ਰਾਗ ਆਸਾਵਰੀ ਦੇ ਅੰਤਰਗਤ ਹੀ ਰੀਤ-ਬੱਧ ਕੀਤਾ ਹੈ।**

**ਇਸ ਪੁਸਤਕ ਵਿਚ ਰੀਤਬੱਧ ਅਤੇ ਸੁਰਲਿਪੀ ਬੱਧ ਕਰਨ ਲਈ ਸ਼ਬਦਾਂ ਦੀ ਚੋਣ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਭਗਤ ਸਾਹਿਬਾਨ ਦੀ ਬਾਣੀ ਵਿਚੋਂ ਕੀਤੀ ਗਈ ਹੈ।ਇਸ ਪੁਸਤਕ ਵਿਚਲੇ ਕਾਰਜ ਦੀ ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਆਪਣਾ ਅਧਿਐਨ ਕੇਵਲ ਸ਼ਬਦ ਬੰਦਿਸ਼ਾਂ ਨੂੰ ਸੁਰ-ਲਿਪੀ ਬੱਧ ਕਰਨ ਤਕ ਹੀ ਸੀਮਤ ਨਹੀਂ ਰੱਖਿਆ ਸਗੋਂ ਬਾਣੀ ਦਾ ਵੀ ਨਿਕਟ ਅਧਿਐਨ ਕੀਤਾ ਹੈ। ਕਿਸੇ ਰਾਗ ਵਿਸ਼ੇਸ਼ ਦੇ ਅੰਤਰਗਤ ਵਿਭਿੰਨ ਬਾਣੀਕਾਰਾਂ ਨੇ ਜਿੰਨੀ-ਜਿੰਨੀ ਸ਼ਬਦ ਰਚਨਾ ਕੀਤੀ ਹੈ ਉਸਦਾ ਵੇਰਵਾ ਵੀ ਕ੍ਰਮ ਅਨੁਸਾਰ ਦਿੱਤਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਕਿਤੇ ਬੰਦਿਸ਼ਾਂ ਅਧੀਨ ਸ਼ਬਦਾਂ ਦੇ ਦੋ ਪਾਠ ਦਰਜ ਹਨ, ਉੱਥੇ ਉਨ੍ਹਾਂ ਦੇ ਮੂਲ ਪਾਠ ਦੇ ਅੰਤਰ ਦਾ ਜ਼ਿਕਰ ਵੀ ਲੇਖਕ ਨੇ ਕੀਤਾ ਹੈ। ਜਿਵੇਂ ਸੋਹਿਲਾ ਸ਼ਬਦ ਦੇ ਦੋ ਭਿੰਨ ਭਿੰਨ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ,ਪਹਿਲਾਂ ਰਾਗ ਗਉੜੀ ਪੂਰਬੀ**

(ਪੰਨਾ 12) 'ਤੇ ਰਹਾਉ ਦੀ ਤੁਕ ਹੈ: "ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥" ਹੈ ਅਤੇ ਦੂਜਾ ਰਾਗ ਗਉੜੀ ਪੂਰਬੀ ਦੀਪਕੀ (ਪੰਨਾ 157) ਵਿਚ ਰਹਾਉ ਦੀ ਤੁਕ ਦੀ ਭਿੰਨਤਾ ਅਨੁਸਾਰ ਪਾਠ ਹੈ : "ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ॥ "

ਸ਼ਬਦਾਂ ਨੂੰ ਰੀਤ ਬੱਧ ਅਤੇ ਸਵਰਲਿਪੀ ਬੱਧ ਕਰਨ ਹਿਤ ਇਸ ਪੁਸਤਕ ਵਿਚ ਵੀ ਲਗਪਗ ਪਹਿਲੇ ਦੋ ਭਾਗਾਂ ਵਾਲਾ ਪੈਟਰਨ ਹੀ ਰੱਖਿਆ ਗਿਆ ਹੈ।ਪਰੰਤੂ ਇਥੇ ਮੰਗਲਾਚਰਣ ਦੀਆਂ ਸ਼ਬਦ-ਬੰਦਿਸ਼ਾਂ ਨਹੀਂ ਹਨ। ਸ਼ਬਦ ਬੰਦਿਸ਼ ਦੀ ਰੀਤ ਤੋਂ ਪਹਿਲਾਂ ਰਾਗ ਦਾ ਸਰੂਪ ਨਿਸਚਿਤ ਕਰਨ ਲਗਿਆਂ ਲੇਖਕ ਨੇ ਵਿਭਿੰਨ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੇ ਵਿਦਵਾਨ ਗ੍ਰੰਥਕਾਰਾਂ ਦੀਆਂ ਲਿਖਤਾਂ ਅਤੇ ਗਾਇਕ ਕੀਰਤਨਕਾਰ ਸੰਗੀਤਕਾਰਾਂ ਦੇ ਹਵਾਲੇ ਨਾਲ ਵਿਸ਼ਲੇਸ਼ਣਾਤਮਿਕ ਅਧਿਐਨ ਉਪਰੰਤ ਹੀ ਨਿਰਣੇ ਪੇਸ਼ ਕੀਤੇ ਹਨ। ਰਾਗ ਪਰੀਚੈ,ਸਵਰ ਵਿਸਥਾਰ, ਪਦ ਅਰਥਾਂ ਸਮੇਤ ਸ਼ਬਦ ਦਾ ਮੂਲ ਪਾਠ ਅਤੇ ਰਾਗ ਤਾਲ ਲੈਅ ਦੀ ਜਾਣਕਾਰੀ ਦੇਣ ਉਪਰੰਤ ਸ਼ਬਦ ਰੀਤ ਦੀ ਸਵਰ-ਲਿਪੀ ਦਿੱਤੀ ਹੈ।ਨਾਲ ਹੀ ਗਾਇਨ ਅਧੀਨ ਬੰਦਿਸ਼ ਦੀਆਂ ਵਿਭਿੰਨ ਤਾਨਾਂ ਅਤੇ ਤਿਹਾਈਆਂ ਦੀ ਵਿਧੀ ਪੂਰਵਕ ਜਾਣਕਾਰੀ ਵੀ ਦਿੱਤੀ ਗਈ ਹੈ।

ਜਿਥੋਂ ਤਕ ਪੁਸਤਕ ਵਿਚ ਵਰਤੇ ਗਏ ਤਾਲਾਂ ਦਾ ਸੰਬੰਧ ਹੈ,ਇਸ ਪੁਸਤਕ ਵਿਚ ਵੀ ਲੇਖਕ ਨੇ ਪਹਿਲੇ ਦੋ ਭਾਗਾਂ ਵਾਲੇ ਵਿਭਿੰਨ (ਪ੍ਰਚਲਿਤ,ਅਪ੍ਰਚਲਿਤ, ਸੁਖੈਨ ਅਤੇ ਕਠਿਨ) ਤਾਲ ਤਾਂ ਵਰਤੇ ਹੀ ਹਨ, ਕੁਝ ਨਵੇਂ ਤਾਲਾਂ ਜਿਵੇਂ ਮੰਗਲ ਤਾਲ, ਵਿਸ਼ਵਾ ਤਾਲ, ਸਾਗਰ ਤਾਲ ਅਤੇ ਸਿਖਰ ਤਾਲ ਆਦਿ ਵਿਚ ਵੀ ਸ਼ਬਦ ਬੰਦਸ਼ਾਂ ਨੂੰ ਨਿਬੱਧ ਕੀਤਾ ਹੈ।ਪਾਠਕਾਂ ਦੀ ਸਹੂਲਤ ਲਈ ਉਪਰੋਕਤ ਨਵੇਂ ਤਾਲਾਂ ਦਾ ਤਾਲ-ਪਰੀਚੈ ਵੀ ਦਰਜ ਕੀਤਾ ਗਿਆ ਹੈ।

ਪੁਸਤਕ ਦੇ ਅੰਤ ਵਿਚ ਇਕ ਨਿਬੰਧ ਵਿਸ਼ੇਸ਼ ਤੌਰ 'ਤੇ ਦਿਤਾ ਗਿਆ ਹੈ ਜਿਸ ਵਿਚ ਮਿਸ਼ਰਿਤ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਸਰੂਪ ਨਿਰਧਾਰਣ ਸੰਬੰਧੀ ਅਪਣਾਏ ਗਏ ਆਧਾਰਭੂਤ ਨੇਮਾਂ ਦਾ ਜ਼ਿਕਰ ਕਰਦਿਆਂ ਗੁਰਮਤਿ ਸੰਗੀਤ ਦੇ ਵਿਭਿੰਨ ਵਿਦਵਾਨਾਂ ਦੀ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਸ਼ਚਿਤ ਰਾਗ ਸਰੂਪ ਦਰਜ ਕੀਤੇ ਗਏ ਹਨ।

ਉਕਤ ਦੀ ਰੌਸਨੀ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੇਖਕ ਨੇ ਗਹਿਰ ਗੰਭੀਰ ਵਿਸ਼ੇ ਨਾਲ ਸ਼ੰਬੰਧਿਤ ਵਿਚਾਰਾਂ ਨੂੰ ਸਰਲ ਸੁਬੋਧ ਸ਼ਬਦਾਵਲੀ ਅਤੇ ਸੁਖਾਵੀਂ ਸ਼ੈਲੀ ਵਿਚ ਬਿਆਨ ਕੀਤਾ ਹੈ।ਨਿਰਸੰਦੇਹ ਇਹ 'ਗੁਰਮਤਿ ਸੰਗੀਤ ਦਰਪਣ (ਭਾਗ ਤੀਜਾ)' ਪੁਸਤਕ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ,ਖੋਜਾਰਥੀਆਂ ਅਤੇ ਰਾਗੀ-ਕੀਰਤਨਕਾਰਾਂ, ਲਈ ਵਡਮੁੱਲੀ ਸੌਗਾਤ ਹੈ।

**DR. BACHITAR SINGH** drbsingh9@gmail.com

## ਪੁਸਤਕ ਰੀਵਿਊ :

## ਸੰਗੀਤ ਦੀ ਸੰਸਥਾਗਤ ਸਿੱਖਿਆ ਪ੍ਰਨਾਲ਼ੀ (ਹਿੰਦੁਸਤਾਨੀ ਸੰਗੀਤ ਦੇ ਸੰਦਰਭ ਵਿਚ)

ਲੇਖਕ : ਡਾ. ਹਰਮਿੰਦਰ ਕੌਰ
ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਪੰਨੇ: 167 ਮੁੱਲ : 295




ਸੰਗੀਤ ਗੁਰੂਮੁਖੀ ਵਿਦਿਆ ਹੈ। ਅਜੋਕੇ ਸਮੇਂ ਵੱਖ-ਵੱਖ ਸੰਸਥਾਵਾਂ ਸੰਗੀਤ ਦੀ ਸਿੱਖਿਆ ਦੇ ਰਹੀਆਂ ਹਨ। ਇਨ੍ਹਾਂ ਵਿਚ ਇਕ ਤਾਂ ਉਹ ਸੰਸਥਾਵਾਂ ਜੋ ਕੇਵਲ ਸੰਗੀਤ ਦੀ ਸਿੱਖਿਆ ਹੀ ਦਿੰਦੀਆਂ ਹਨ, ਦੂਸਰੀ ਉਹ ਜਿਨ੍ਹਾਂ ਵਿਚ ਹੋਰ ਵਿਸ਼ਿਆਂ ਦੇ ਨਾਲ ਸੰਗੀਤ ਵਿਸ਼ਾ ਵੀ ਪੜਾਇਆ ਜਾਂਦਾ ਹੈ। ਅਜਿਹੀਆਂ ਸੰਸਥਾਵਾਂ ਵਿਚ ਵਿਸ਼ਵ-ਵਿਦਿਆਲਿਆਂ ਅਤੇ ਮਹਾ-ਵਿਦਿਆਲਿਆਂ ਦੀ ਭੂਮਿਕਾ ਮੁੱਖ ਰੂਪ ਵਿਚ ਰਹਿੰਦੀ ਹੈ।

ਸੰਗੀਤ ਅਤੇ ਗੁਰਮਤਿ ਸੰਗੀਤ ਦਾ ਗੂੜ੍ਹ ਗਿਆਨ ਰੱਖਣ ਵਾਲੇ ਡਾ. ਹਰਮਿੰਦਰ ਕੌਰ ਨੂੰ ਇਸ ਦੀ ਗੁੜ੍ਹਤੀ ਆਪਣੇ ਪਰਿਵਾਰ ਪਾਸੋਂ ਮਿਲੀ ਹੈ। ਮਾਪਿਆ ਨੇ ਆਪ ਦਾ ਗੁਰਮਤਿ ਸੰਗੀਤ ਨਾਲ ਸਿਨੇਹ ਨੂੰ ਦੇਖਦਿਆਂ ਮੁੱਢਲੀ ਸੰਗੀਤਕ ਸਿੱਖਿਆ ਇਨ੍ਹਾਂ ਦੇ ਸਕੂਲੀ ਅਧਿਅਪਕ ਸ. ਜਸਪਾਲ ਸਿੰਘ ਜੀ ਅਤੇ ਮੈਡਮ ਗੁਰਵਿੰਦਰ ਕੌਰ ਜੀ ਪਾਸੋਂ ਆਰੰਭ ਕਰਵਾਈ। ਇਨ੍ਹਾਂ ਸੰਗੀਤ ਉਸਤਾਦਾਂ ਦੀ ਨਿਗਰਾਨੀ ਹੇਠ ਡਾ. ਹਰਮਿੰਦਰ ਕੌਰ ਜੀ ਨੇ ਵੱਖ-ਵੱਖ ਗੁਰਮਤਿ ਸੰਗੀਤ ਮੁਕਾਬਲਿਆਂ ਵਿਚ ਭਾਗ ਲੈਣਾ ਆਰੰਭ ਕੀਤਾ ਅਤੇ ਅੱਵਲ ਰਹੀ। ਇਨ੍ਹਾਂ ਦੇ ਸੰਗੀਤ ਦੇ ਖੇਤਰ ਦਾ ਅਗਲਾ ਪੜਾਅ ਉਦੋਂ ਆਰੰਭ ਹੁੰਦਾ ਹੈ ਜਦੋਂ ਇਨ੍ਹਾਂ ਨੇ ਸੰਗੀਤ ਨੂੰ ਆਪਣੀ ਉਚ ਵਿੱਦਿਆ ਲਈ ਇਕ ਵਿਸ਼ੇ ਵਜੋਂ ਚੁਣਿਆ। ਡਾ. ਹਰਮਿੰਦਰ ਕੌਰ ਜੀ ਨੇ ਸੰਗੀਤ ਵਿਸ਼ੇ ਸਹਿਤ ਅੰਡਰ-ਗਰੈਜੂਏਟ ਕਰਨ ਉਪਰੰਤ ਸਰਕਾਰੀ ਕਾਲਜ ਲੜਕੀਆਂ (ਪਟਿਆਲਾ) ਤੋਂ ਐਮ.ਏ. (ਗਾਇਨ) ਪਹਿਲੇ ਦਰਜੇ ਵਿਚ ਪਾਸ ਕੀਤੀ। ਐਮ.ਏ. ਪਾਸ ਕਰਨ ਉਪਰੰਤ ਹੀ ਆਪ ਨੇ ਪਹਿਲੇ ਯਤਨ ਵਿਚ ਹੀ ਯੂ.ਜੀ.ਸੀ ਨੈਟ ਪਾਸ ਕੀਤਾ।

ਡਾ. ਹਰਮਿੰਦਰ ਕੌਰ ਜੀ ਆਪਣੇ ਸੰਗੀਤਕ ਸਫ਼ਰ ਨੂੰ ਅਗਾਹ ਤੋਰਦਿਆਂ ਸਾਲ 2000 ਵਿਚ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਘੇ ਅਧਿਆਪਕ ਤੇ ਸ਼ਾਸਤਰੀ ਗਾਇਕਾ ਡਾ. ਨਿਵੇਦਿਤਾ ਉਪਲ ਜੀ ਦੀ ਅਗਵਾਈ ਵਿਚ ਪੀ.ਐਚ-ਡੀ. ਆਰੰਭ ਕੀਤੀ। ਆਪ ਜੀ ਦੀ ਖੋਜ ਦਾ ਵਿਸ਼ਾ 'ਸੰਗੀਤ ਦੀ ਸੰਸਥਾਗਤ ਸਿੱਖਿਆ

ਪ੍ਰਣਾਲੀ: ਦਸਾ ਅਤੇ ਦਿਸ਼ਾ' ਹੈ। ਡਾ. ਸਾਹਿਬਾ ਦੇ ਖੋਜ ਪ੍ਰਬੰਧ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਵਰਤਮਾਨ ਸੰਗੀਤ ਸੰਸਥਾਵਾਂ ਵਿਚ ਆ ਰਹੇ ਨਿਘਾਰ ਬਾਰੇ ਦੱਸਦੇ ਹੋਏ ਆਪਣੇ ਨਿਗਰਾਨ ਦੀ ਅਗਵਾਈ ਵਿਚ ਇਸ ਪ੍ਰਣਾਲੀ ਲਈ ਠੋਸ ਸੁਝਾਅ ਦੇਣ ਦਾ ਯਤਨ ਕੀਤਾ ਹੈ। ਆਪ ਜੀ ਦੀ ਮਿਹਨਤ ਬਦਲੇ 2006 ਵਿਚ ਆਪ ਜੀ ਨੂੰ ਪੀ.ਐਚ-ਡੀ ਦੀ ਡਿਗਰੀ ਪ੍ਰਾਪਤ ਹੋਈ।

ਡਾ. ਹਰਮਿੰਦਰ ਕੌਰ ਜੀ ਨੇ ਸਮੇਂ-ਸਮੇਂ ਸਿਰ ਆਰਟੀਕਲ ਅਤੇ ਖੋਜ ਪੱਤਰਾਂ ਦਾ ਪ੍ਰਕਾਸ਼ਨ ਕਰਵਾਉਦੇ ਰਹੇ ਹਨ। ਵੱਖ-ਵੱਖ ਕਾਨਫਰੰਸ, ਸੈਮੀਨਾਰ ਤੋਂ ਇਲਾਵਾ ਅਮ੍ਰਿਤ ਕੀਤਰਨ, ਅਤੇ ਪਤ੍ਰਿਕਾਵਾਂ ਵਿਚ ਆਪ ਜੀ ਦੇ ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਗੁਰਮਤਿ ਸੰਗੀਤ ਦੀ ਤਕਨੀਕੀ ਸ਼ਬਦਾਵਲੀ ਨੂੰ ਪ੍ਰਕਾਸ਼ਿਤ ਕਰਨ ਵਿਚ ਵੀ ਆਪ ਨੇ ਤਕਨੀਕੀ ਤੌਰ ਤੇ ਅਹਿਮ ਭੂਮਿਕਾ ਨਿਭਾਈ ਹੈ।

ਡਾ. ਹਰਮਿੰਦਰ ਕੌਰ ਨੇ ਆਪਣੀ ਪੁਸਤਕ ਸੰਗੀਤ ਦੀ ਸੰਸਥਾਗਤ ਸਿੱਖਿਆ ਪ੍ਰਨਾਲ਼ੀ (ਹਿੰਦੁਸਤਾਨੀ ਸੰਗੀਤ ਦੇ ਸੰਦਰਭ ਵਿਚ) ਵਿਚ ਸੰਸਥਾਵਾਂ ਦੀ ਗੱਲ ਕਰਦੇ ਹੋਏ ਵਿਸ਼ਵ-ਵਿਦਿਆਲਿਆਂ ਵਿਚ ਹੋਣ ਵਾਲੀ ਸਿੱਖਿਆ ਤੇ ਆਪਣੀ ਪਾਠ ਸਮਗਰੀ ਨੂੰ ਕੇਂਦਰਿਤ ਰੱਖਿਆ ਹੈ। ਪੁਸਤਕ ਦੇਖਦਿਆਂ ਪਹਿਲੀ ਨਜ਼ਰ ਇਸ ਦੇ ਸਿਰਲੇਖ ਵਿਚਲੇ ਸ਼ਬਦ 'ਪ੍ਰਨਾਲ਼ੀ' 'ਤੇ ਪਈ, ਫਿਰ ਪੰਜਾਬੀ ਦੀ ਮਿਆਰੀ ਡਿਕਸ਼ਨਰੀ ਘੋਖੀ ਤਾਂ ਇਹੀ ਸ਼ਬਦ ਮਿਲਿਆ, ਪਰ ਲੇਖਣ ਵਿਚ ਬਹੁ-ਪ੍ਰਚਲਿਤ ਪ੍ਰਣਾਲੀ ਸ਼ਬਦ ਹੈ। ਸੰਗੀਤ ਸਿੱਖਿਆ ਵਿਚ ਆਈ ਖੜ੍ਹੋਤ ਨੂੰ ਤੋੜਨ ਲਈ ਇਹ ਪੁਸਤਕ ਕਾਰਗਰ ਸਿੱਧ ਹੋਵੇਗੀ। ਲੇਖਿਕਾ ਨੇ ਪੁਸਤਕ ਨੂੰ ਛੇ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਸੰਗੀਤ ਸਿੱਖਿਆ ਸੰਸਥਾਵਾਂ ਦਾ ਇਤਿਹਾਸਕ ਵਿਕਾਸ ਬਾਰੇ ਗੱਲ ਕਰਦੇ ਹੋਏ ਦੂਸਰੇ ਅਧਿਆਇ ਵਿਚ ਵਿਸ਼ਵ-ਵਿਦਿਆਲਿਆਂ ਵਿਚ ਚਲ ਰਹੇ ਪਾਠਕ੍ਰਮ ਅਤੇ ਪੁਸਤਕਾਂ ਦੀ ਰੂਪਰੇਖਾ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਅਧਿਅਪਨ ਵਿਧੀ ਅਤੇ ਸਹਾਇਕ ਸਮਗਰੀ ਇਸ ਪੁਸਤਕ ਰਾਹੀ ਖਾਸ ਰੂਪ ਵਿਚ ਸਾਹਮਣੇ ਆਉਂਦੀ ਹੈ। ਮੁਲਾਂਕਣ ਵਿਧੀ ਅਤੇ ਪ੍ਰੀਖਿਆ ਪ੍ਰਣਾਲੀ ਦੀ ਰੂਪਰੇਖਾ ਦਿੰਦਿਆਂ ਉਨ੍ਹਾਂ ਪ੍ਰੀਖਿਆਵਾਂ ਅਤੇ ਮੁਲਾਂਕਣ ਦੀ ਪ੍ਰਾਚੀਨ ਪ੍ਰਣਾਲੀ ਦੀ ਗੱਲ ਕਰਦਿਆਂ ਅਜੋਕੇ ਸਮੇਂ ਇਸ ਵਿਚ ਆਏ ਨਿਘਾਰ ਬਾਰੇ ਚਰਚਾ ਕਰਦੇ ਹੋਏ ਕੁਝ ਸੁਝਾਅ ਵੀ ਲੇਖਿਕਾ ਵੱਲੋਂ ਦਿੱਤੇ ਗਏ ਹਨ।

ਕੋਈ ਵੀ ਸੰਸਥਾ ਉਦੋਂ ਤੱਕ ਸਾਰਥਕ ਨਤੀਜੇ ਨਹੀਂ ਦੇ ਸਕਦੀ ਜਦੋਂ ਤੱਕ ਸਿਖਾਉਣ ਵਾਲੇ ਦੀ ਇੱਛਾ ਅਤੇ ਸਿੱਖਣ ਵਾਲੇ ਦੀ ਚਾਹਤ ਨਾ ਹੋਵੇ। ਸੰਗੀਤ ਸਿੱਖਿਆ ਦੇ ਦੋ ਮੁੱਖ ਧੁਰੇ ਸਿੱਖਿਆਰਥੀ ਅਤੇ ਸਿੱਖਿਅਕ ਹਨ। ਜਦੋਂ ਤੱਕ ਇਹ ਦੋਨੇ ਆਪਣੇ ਕੰਮ ਪ੍ਰਤੀ ਇਮਾਨਦਾਰ ਨਹੀਂ ਹੋਣਗੇ ਉਦੋਂ ਤੱਕ ਸੰਗੀਤ ਸਿੱਖਿਆ ਕੇਵਰ ਰਸਮੀ ਪੱਧਰ ਤੋਂ ਹੀ ਹੋਵੇਗੀ। ਲੇਖਿਕਾ ਨੇ ਇਸ ਪੁਸਤਕ ਵਿਚ ਇਸ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ ਹੈ ਅਤੇ ਇਸ ਸੰਬੰਧੀ ਇਕ ਨਵੀਨ ਦ੍ਰਿਸ਼ਟੀਕੋਣ ਸਿਰਲੇਖ ਤਹਿਤ ਸੁਝਾਅ ਵੀ ਪੇਸ਼ ਕੀਤੇ ਹਨ ਜੋ ਸਿੱਖਿਅਕ ਅਤੇ ਸਿੱਖਿਆਰਥੀਆਂ ਲਈ ਲਾਭਕਾਰੀ ਸਿੱਧ ਹੋਣਗੇ।

---

ਡਾ. ਅਮਰਿੰਦਰ ਸਿੰਘ
ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਰਾਗ ਆਸਾ

*ਸੁਰਲਿਪੀ ਡਾ. ਕੰਵਲਜੀਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਸਨਾਤਨੀ ਰਾਗਾਂ ਦੀ ਭਰਪੂਰ ਵਰਤੋਂ ਹੋਈ ਹੈ ਉਥੇ ਸਥਾਨਕ ਸੰਗੀਤ ਅਧੀਨ ਪ੍ਰਚੱਲਤ ਦੇਸੀ ਪਰੰਪਰਾ ਦੇ ਰਾਗਾਂ ਨੂੰ ਪ੍ਰਯੋਗ ਕੀਤਾ ਗਿਆ ਹੈ। ਇਸ ਨਾਲ ਸੰਗੀਤ ਦੀ ਸੰਚਾਰ-ਸ਼ਕਤੀ ਵਿਚ ਹੋਰ ਤੀਬਰਤਾ ਆ ਜਾਂਦੀ ਹੈ। ਆਸਾ ਦੇਸੀ ਰਾਗਾਂ ਦੀ ਸ਼੍ਰੇਣੀ ਦਾ ਮਹੱਤਵਪੂਰਨ ਰਾਗ ਹੈ, ਜਿਸ ਦਾ ਗਾਇਨ ਨਿਤਾਪ੍ਰਤੀ ਦੀ ਕੀਰਤਨ ਮਰਿਯਾਦਾ ਵਿਚ ਸਵੇਰੇ ਆਸਾ ਦੀ ਵਾਰ ਦੀ ਕੀਰਤਨ ਚੌਕੀ ਵਿਚ ਕੀਤਾ ਜਾਂਦਾ ਹੈ ਅਤੇ ਸੰਧਿਆ ਸਮੇਂ ਸੋ-ਦਰੁ ਦੀ ਕੀਰਤਨ ਚੌਕੀ ਦਾ ਇਹ ਪ੍ਰਮੁੱਖ ਰਾਗ ਹੈ। ਭਾਰਤੀ ਸੰਗੀਤ ਵਿਚ ਕੁਝ ਮੌਸਮੀ ਰਾਗਾਂ ਤੋਂ ਬਿਨਾ ਕਿਸੇ ਵੀ ਰਾਗ ਨੂੰ ਸਵੇਰ ਸ਼ਾਮ ਗਾਇਨ ਕਰਨ ਦੀ ਰੀਤ ਨਹੀਂ ਹੈ,ਪਰ ਆਸਾ ਇਕ ਅਜਿਹਾ ਰਾਗ ਹੈ ਜਿਸ ਦਾ ਗਾਇਨ ਗੁਰਮਤਿ ਪਰੰਪਰਾ ਅਧੀਨ ਸਵੇਰੇ ਅਤੇ ਸ਼ਾਮ ਦੋਵੇਂ ਸਮੇ ਕੀਤਾ ਜਾਂਦਾ ਹੈ। ਹਿੰਦੋਸਤਾਨੀ ਸੰਗੀਤ ਵਿਚ ਰਾਗ ਆਸਾ ਦਾ ਪ੍ਰਚੱਲਨ ਨਹੀਂ ਹੈ। ਰਾਗ ਵਿਆਕਰਣ ਵਿਚ ਰਾਗ ਆਸ਼ਾ ਦੇ ਨਾਂ ਨਾਲ ਵਿਮਲਾਕਾਂਤ ਰਾਇ ਚੌਧਰੀ ਨੇ ਦੋ ਸਰੂਪਾਂ ਦਾ ਵਰਣਨ ਕੀਤਾ ਹੈ, ਜਿਸ ਦੇ ਪਹਿਲੇ ਸਰੂਪ ਵਿਚ ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ ਕੋਮਲ ਹਨ ਅਤੇ ਦੂਜੇ ਸਰੂਪ ਵਿਚ ਨਿਸ਼ਾਦ ਕੋਮਲ ਕਰਦੇ ਹੋਏ ਇਸ ਰਾਗ ਦੀ ਜਾਤੀ ਔੜਵ-ਸੰਪੂਰਣ ਦੱਸੀ ਗਈ ਹੈ। ਰਾਗ ਆਸ਼ਾ ਦਾ ਦੂਜਾ ਸਰੂਪ ਗੁਰਮਤਿ ਸੰਗੀਤ ਵਿਚ ਪ੍ਰਚੱਲਤ ਰਾਗ ਆਸਾ ਨਾਲ ਮੇਲ ਖਾਂਦਾ ਹੈ।

ਪੰਜਾਬ ਦੀ ਸੰਗੀਤ ਪਰੰਪਰਾ ਵਿਚ ਰਾਗ ਆਸਾ ਪ੍ਰਾਚੀਨ ਕਾਲ ਤੋਂ ਲੋਕਪ੍ਰਿਆ ਰਾਗ ਦੇ ਰੂਪ ਵਿਚ ਪ੍ਰਚੱਲਤ ਹੈ। ਸੂਫੀ ਸੰਗੀਤ ਧਾਰਾ ਵਿਚ ਵੀ ਆਸਾ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਸੂਫੀ ਸੰਤ ਸ਼ੇਖ ਫਰੀਦ ਅਤੇ ਸ਼ਾਹ ਹੁਸੈਨ ਦੀਆਂ ਅਨੇਕਾਂ ਰਚਨਾਵਾਂ ਇਸ ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਆਸਾ ਦੀ ਵਾਰ ਬਾਣੀ ਦੇ ਸਿਰਲੇਖ ਵਜੋਂ ਦਰਜ ਹਵਾਲਾ ਰਾਗ ਆਸਾ ਦੀ ਦੇਸੀ ਪਰੰਪਰਾ ਨਾਲ ਸਥਾਪਤੀ ਦੀ ਗਵਾਹੀ ਭਰਦਾ ਹੈ, ਆਸਾ ਮਹਲਾ 1॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥ ਇਸ ਤੋਂ ਸਿੱਧ ਹੁੰਦਾ ਹੈ ਕਿ ਆਸਾ ਪੰਜਾਬ ਦੀ ਲੋਕ ਧੁਨ ਤੋਂ ਵਿਕਸਤ ਰਾਗ ਹੈ ਜਿਸ ਦਾ ਨਿਰੰਤਰ ਪ੍ਰਯੋਗ ਸਿੱਖ ਧਰਮ ਵਿਚ ਕੀਰਤਨਕਾਰਾਂ ਵਲੋਂ ਕੀਤਾ ਜਾਂਦਾ ਰਿਹਾ ਹੈ। ਭਾਰਤੀ ਸੰਗੀਤ ਦੀ ਰਾਗ ਪਰੰਪਰਾ ਦੇ ਖ਼ਜ਼ਾਨੇ ਵਿਚ ਆਸਾ ਰਾਗ ਪੰਜਾਬ ਦੇ ਯੋਗਦਾਨ ਦੀ ਗਵਾਹੀ ਭਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਅਧੀਨ ਰਾਗ ਪ੍ਰਕਾਰਾਂ ਵਜੋਂ ਆਸਾਵਰੀ ਅਤੇ ਆਸਾਵਰੀ ਸੁਧੰਗ (ਕੋਮਲ ਰਿਸ਼ਭ ਆਸਾਵਰੀ) ਰਾਗ ਵੀ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਇਸ ਰਾਗ ਨੂੰ ਚੌਥੇ ਸਥਾਨ ‘ਤੇ ਪੰਨਾ 347 ਤੋਂ 488 ਤੱਕ ਪ੍ਰਯੋਗ ਕੀਤਾ ਗਿਆ ਹੈ। ਰਾਗ ਨਿਰਣਾਇਕ ਕਮੇਟੀ ਦੁਆਰਾ ਪ੍ਰਵਾਣਿਤ ਸਰੂਪ ਅਨੁਸਾਰ ਰਾਗ ਆਸਾ ਬਿਲਾਵਲ ਥਾਟ ਦਾ ਰਾਗ ਹੈ। ਇਸ ਦਾ ਵਾਦੀ-ਸੰਵਾਦੀ ਸ਼ੜਜ-ਮਧਿਅਮ, ਸਮਾਂ ਸਵੇਰ ਅਤੇ ਸ਼ਾਮ, ਵਰਜਿਤ ਆਰੋਹ ਵਿਚ ਗੰਧਾਰ ਤੇ ਨਿਸ਼ਾਦ, ਜਾਤੀ ਔੜਵ-ਸੰਪੂਰਨ ਹੈ। ਸਾਰੇ ਸੁਧ ਸੁਰਾਂ ਨਾਲ ਸੁਸਜਿਤ ਰਾਗ ਆਸਾ ਦਾ ਆਰੋਹ : ਸਾ ਰੇ ਮ, ਪ ਧ ਸਾਂ ਅਵਰੋਹ : ਸਾਂ ਨੀ ਧ ਪ ਮ, ਗ ਰੇ, ਸਾ ਰੇ ਗ ਸਾ ਮੁਖ ਅੰਗ : ਮ ਗ, ਸਾ ਰੇ ਗ⁀ਸਾ ਹੈ ॥

ਸੁਰ ਵਿਸਤਾਰ: 1. ਸਾ, ਸਾ ਰੇਸਾ, ਸਾ ਰੇ ਗ⁀ਸਾ ਸਾ, ਮ ਗ, ਸਾ ਰੇ ਗ⁀ਸਾ, ਧ਼ਨ਼ੀ ਪ਼ਧ਼ ਸਾ ਸਾ ਰੇ ਮ ਪ, ਮ ਗ ਰੇ ਗ ਸਾਰੇ ਗ⁀ਸਾ । 2. ਮ, ਪ ਮ, ਪ ਧ ਪ ਮ, ਸਾ ਮ ਗ ਰੇ ਸਾ, ਧ਼ਨ਼ੀ ਪ਼ਧ਼ ਸਾਰੇ ਗ⁀ਸਾ, ਸਾ ਰੇ ਮ ਪ, ਪ ਧ ਪ ਮ, ਮ ਗ, ਮ ਗ ਰੇ ਸਾ ਰੇ ਗ ਸਾ । 3. ਧ, ਪ ਧ ਪ, ਧਨੀ ਪਧ ਪ, ਪ ਮਗ, ਰੇ ਸਾਰੇ ਗ⁀ਸਾ, ਸਾ ਰੇ ਮਗ, ਰੇ ਸਾ ਰੇ ਮ ਪ, ਪ ਧ ਪ, ਧਨੀ ਪਧ ਪ, ਧਨੀ ਪਧ ਸਾਂ । ਸਾਂ ਨੀ ਧ ਪ, ਧਨੀ ਪਧ ਪਮ ਗਰੇ ਸਾਰੇ ਗ⁀ਸਾ । 4. ਸਾਂ ਨੀ ਧ ਪ, ਮ ਪ ਧ, ਪ ਧ ਸਾਂ, ਧ ਨੀ ਪ ਧ ਸਾਂ. ਸਾਂ ਰੇਂ ਸਾਂ, ਸਾਂ ਰੇਂ ਗਂ ਰੇਂ ਸਾਂ, ਸਾਂ ਰੇਂ ਮਂ, ਗਂ ਰੇਂ ਗਂ ਸਾਂ, ਸਾਂ ਰੇਂ ਸਾਂ ਨੀ ਧ ਪ, ਧ ਪ ਮ ਪ ਮ, ਧ ਪ ਮ ਗ ਰੇ, ਸਾ ਰੇ ਗ⁀ਸਾ ।

| ਪ੍ਰਮਾਣਿਕ ਸ਼ਬਦ ਰੀਤ | | | | | | | ਰਾਗ ਆਸਾ | | | | | ਰੂਪਕ ਮਧ ਲੈਅ | |
|---|---|---|---|---|---|---|---|---|---|---|---|---|---|
| ⊗ | | | 1 | | 2 | | ⊗ | | | 1 | | 2 | |
| ਤੀ | ਤੀ | ਨਾ | ਧੀ | ਨਾ | ਧੀ | ਨਾ | ਤੀ | ਤੀ | ਨਾ | ਧੀ | ਨਾ | ਧੀ | ਨਾ |
| | ਸਥਾਈ | | | | | | ਸਾ | ਰੇ | ਗ | ⌒ਸਾ | - | ਸਾ | - |
| | | | | | | | ਸਾ | ਹਿ | ਬੁ | ਮੇ | - | ਰਾ | - |
| [ਸਾ]ਰੇ | [ਰੇ]ਮ | ਮ | ਪ | - | ਧਨੀ | ਪਧ | ਸਾਂ | ਸਾਂ | ਨੀ | ਧ | - | ਪ | ਪ |
| ਏ | - | ਕੋ | ਹੈ | - | - - | - - | ਏ | ਕੋ | - | ਹੈ | - | ਭਾ | ਈ |
| ਪਧ | ਪਧ | ਪਮ | ਗਰੇ | ਸਾਰੇ | ਗ | ⌒ਸਾ | | | | | | | |
| ਏ - | - - | ਕੋ - | ਹੈ - | - - | - | - | | | | | | | |
| | ਅੰਤਰਾ | | | | | | ਪ | ਧਨੀ | ਪਧ | ਸਾਂ | ਸਾਂ | ਸਾਂ | - |
| | | | | | | | ਜੇ | ਤਾ - | - - | ਸ | ਬ | ਦੁ | - |
| ਪਪ | ਧਨੀ | ਪਧ | ਸਾਂ | - | ਸਾਂ | - | ਰੇਂ | ਰੇਂ | ਸਾਂ | ਸਾਂਰੇਂ | ਗਂ | ⌒ਸਾਂ | - |
| ਸੁਰ | ਤਿ - | ਧੁਨਿ | ਤੇ | - | ਤੀ | - | ਜੇ | ਤਾ | - | ਰੂ - | - | ਪੁ | - |
| ਪ | ਧਨੀ | ਪਧ | ਸਾਂ | - | ਸਾਂ | - | ਸਾਂ | ਸਾਂਰੇਂ | ਗਂਰੇਂ | ਸਾਂ | ਨੀ | ਧ | ਪ |
| ਕਾ | ਇਆ | -- | ਤੇ | - | ਰੀ | - | ਤੂੰ | ਆ - | ਪੇ - | ਰ | ਸ | ਨਾ | - |
| ਪ | ਧਨੀ | ਪਧ | ਸਾਂ | ਸਾਂ | ਸਾਂ | - | ਪਧ | ਪਧ | ਪਮ | ਗ | - | ਰੇ | ਸਾ |
| ਆ | ਪੇ - | - - | ਬ | ਸ | ਨਾ | - | ਅਵ | ਰੁ - | ਨਾ - | ਦੂ | - | ਜਾ | - |
| ਸਾਰੇ | ਗ | ਸਾਰੇ | ਗ | . | ⌒ਸਾ | - | | | | | | | |
| ਕ - | ਹ | ਉ - | ਪਾ | - | ਈ | - | | | | | | | |

ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

*(ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥਾਂ ਲਈ ਵੇਖੋ ਟਾਈਟਲ ਪੰਨਾ 3)*

# ਸੁਰਲਿਪੀ ਵਾਲਾ ਸ਼ਬਦ ਅਤੇ ਓਸਦੇ ਅੰਗ੍ਰੇਜ਼ੀ ਵਿਚ ਅਰਥ

ਆਸਾ ਮਹਲਾ ੧ ॥

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥
ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥
ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥

ENGLISH TRANSLATION

Aasaa, First Mehl:

As much as the Shabad is in the mind, so much is Your melody; as much as the form of the universe is, so much is Your body, Lord. You Yourself are the tongue, and You Yourself are the nose. Do not speak of any other, O my mother. ||1|| My Lord and Master is One; He is the One and Only; O Siblings of Destiny, He is the One alone. ||1||Pause|| He Himself kills, and He Himself emancipates; He Himself gives and takes. He Himself beholds, and He Himself rejoices; He Himself bestows His Glance of Grace. ||2|| Whatever He is to do, that is what He is doing. No one else can do anything. As He projects Himself, so do we describe Him; this is all Your Glorious Greatness, Lord. ||3|| The Dark Age of Kali Yuga is the bottle of wine; Maya is the sweet wine, and the intoxicated mind continues to drink it in. He Himself assumes all sorts of forms; thus poor Nanak speaks. ||4||5||

(SGGS Page: 350)

***Translation by Singh Sahib Sant Singh Jee Khalsa, MD, USA***

RNI Regd. No.46788/89 ISSN 0972-2335

